ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਨਾਮਧਾਰੀ ਸਿਧਾਂਤ ਪ੍ਰਦਰਸ਼ਨ

ਸੰਤ ਨਿਧਾਨ ਸਿੰਘ ਜੀ ਆਲਿਮ

. Sri Satguru Jagjit Singh Ji eLibrary NamdhariElibrary@gmail.com .

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਨਾਮਧਾਰੀ ਸਿਧਾਂਤ ਪ੍ਰਦਰਸ਼ਨ

ਸੰਤ ਨਿਧਾਨ ਸਿੰਘ ਜੀ ਆਲਿਮ

(ਸੰਨ ੧੮੮੯ –੧੬ ਅਕਤੂਬਰ ੧੯੫੬)

. Sri Satguru Jagjit Singh Ji eLibrary NamdhariElibrary@gmail.com .

ੴ

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## -੦ ਤਤਕਰਾ ੦-


1 ਜੈਸਾ ਸਤਿਗੁਰੂ ਸੁਣੀਦਾ ਤੈਸੋ ਹੀ ਮੈਂ ਡੀਠ..........................................

2 ਹੰਸ-ਆਤਮਾ ਦੀ ਅੰਤਿਮ ਰਚਨਾ- ਪ੍ਰੋ: ਕਿਰਪਾਲ ਸਿੰਘ ਸਿੰਘ ਕਸੇਲ............

3 ਨਾਮਧਾਰੀ ਸਿਧਾਂਤ ਪ੍ਰਦਰਸ਼ਨ..................................................

4 ਅਰਜੋਈ...................................................................................

5 ਨਾਮ ਸਿਧਾਂਤ...........................................................................

6 ਗੁਰਮੰਤ੍ਰ ਦੇਣ ਦਾ ਤਰੀਕਾ.........................................................

7 ਮੰਤ੍ਰ ਪਦ .....................................................................................

8 ਨਾਮ ਕਿੱਥੋਂ ਮਿਲਦਾ ਹੈ ..............................................................

9 ਨਾਮ ਦਾ ਫਲ ..............................................................................

10 ਨਾਮ ਅਤੇ ਬਾਣੀ .......................................................................

11 ਗੁਰੂ ਕਾ ਮਸਲਾ .........................................................................

12 ਨਾਮਧਾਰੀ ਅਤੇ ਬਾਣੀ ...............................................................

13 ਅਖੰਡ ਪਾਠ ...............................................................................

14 ਧੂਪ ਦੀ ਸਮੱਗਰੀ .......................................................................

15 ਗੁਰਿਆਈ ਦਾ ਮਸਲਾ ................................................................

16 ਅਠਵੇਂ ਪਾਤਸ਼ਾਹ ਦੇ ਸਮੇਂ ਗ੍ਰੰਥ ਸਾਹਿਬ ਦੀ ਗੁਰਿਆਈ ਪ੍ਰਸ਼ਨ ..................

17 ਰਾਕਨੀਤਕ ਪਹਿਲੂ ....................................................................

18 ਸਿੰਘ ਸਭਾ ਦਾ ਜਨਮ ...............................................................

19 ਮਾਸ ਨਿਸ਼ੇਧ ...........................................................................

20 ਮਾਸ਼ ਨਿਸ਼ੇਧਕ ਪ੍ਰਮਾਣ ...............................................................

21 ਪ੍ਰਤਾ ਪ੍ਰਮਾਣ..............................................................................

22 ਦੇਵਲੂਤ ਰਾਖਸ਼ ........................................................................

23 ਰਾਜਾ ਸ਼ਿਵਨਾਥ ........................................................................

24 ਮਾਸ ਖਾਣ ਦਾ ਫਲ ...................................................................

25 ਮੱਕੇ ਦੇ ਇਮਾਮਾਂ ਨੂੰ ਉਪਦੇਸ਼ ........................................................

26 ਸ਼ੀਹੇ ਨੂੰ ਉਪਦੇਸ਼ .......................................................................

27 ਭਾਈ ਤਿਲੋਕਾ .........................................................................

28 ਝਟਕਾ ਤੇ ਹਲਾਲ ......................................................................

29 ਮਹਾਂ ਪ੍ਰਸ਼ਾਦ ..........................................................................

30 ਮਾਸ ਅਤੇ ਬੀਰਤਾ ....................................................................

31 ਮਾਸ ਮਾਸ ਕਰ ਮੂਰਖ ਝਗੜੇ .......................................................

32 ਪਹਿਲੀ ਸ਼ਹਾਦਤ ਹੈ ਭਾਈ ਬਾਲੇ ਵਾਲੀ ਜਨਮ ਸਾਖੀ ............................

33 ਇਕ ਹੋਰ ਵਿਚਾਰ ........................................................
34 ਡਾਕਟਰਾਂ ਤੇ ਵਿਦਵਾਨਾਂ ਦੇ ਫੈਸਲੇ ..........................................
35 ਆਂਡਿਆਂ ਦਾ ਸਵਾਲ .....................................................
36 ਸੂਤਰ ਯਾ ਮਸਤੀ .........................................................
37 ਹਿੰਦੀ ਸਾਹਿਤ ਤੇ ਸੂਤਰ ...................................................
38 ਇਸਲਾਮ ਵਿਚ ਸੂਤਰ .....................................................
39 ਸਿੱਖ ਸਾਹਿਤ ਵਿਚੋਂ ਸੂਤਰ ਦੀ ਸਿੱਧੀ .........................................
40 ਕੇਸਾਂ ਦੀ ਬੇਅਦਬੀ .......................................................
41 ਕੇਸਾਂ ਦਾ ਚੰਵਰ .........................................................

**ਆਲਿਮ ਜੀ ਦੀ ਕਲਮ ਤੋਂ ਹੋਰ ਰਚਨਾਵਾਂ**

1 ਜੁਗ ਪਲਟਾਊ ਸਤਿਗੁਰ
2 ਗੁਰ ਪਦ ਪ੍ਰਕਾਸ਼
3 ਸਿੱਖ ਧਰਮ ਤੇ ਮਾਸ
4 ਰੂਹਾਨੀ ਟੈਲੀਫੋਨ
5 ਸੂਤਰ ਦਰਸ਼ਨ
6 ਨਾਮਧਾਰੀ ਸਿਧਾਂਤ

. Sri Satguru Jagjit Singh Ji eLibrary NamdhariElibrary@gmail.com .

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਜੈਸਾ ਸਤਿਗੁਰ ਸੁਣੀਦਾ ਤੈਸੋ ਹੀ ਮੈ ਡੀਠ

ਕਿੰਨੀਆਂ ਵੀ ਕਹਾਣੀਆਂ ਪੜ੍ਹ ਲਈਏ, ਸੁਣ ਲਈਏ, ਕਿਤਨੇ ਹੀ ਮਹਾਂਪੁਰਖਾਂ ਦੀਆਂ ਜੀਵਨੀਆਂ ਪੜ੍ਹ ਲਈਏ, ਸੁਣ ਲਈਏ, ਕਿੰਨੇ ਹੀ ਗੁਰੂਆਂ ਦੀਆਂ ਗਾਥਾਵਾਂ ਸਾਖੀਆਂ ਪੜ੍ਹੀ ਹੀ ਜਾਈਏ, ਉਹਨਾਂ ਸਾਰੀਆਂ ਕਹਾਣੀਆਂ ਸਾਖੀਆਂ ਦਾ ਉਹ ਅਸਰ ਮਨ ਤੇ ਨਹੀਂ ਹੁੰਦਾ ਜੋ ਕੁਛ ਉਹ ਸਨ।

ਮੈਂ ਆਪਣੇ ਪਿਤਾ ਜੀ ਨਾਲ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਤੇ ਉਸ ਮਹਾਨ ਸਤਿਗੁਰੂ ਜੀ ਦੀ ਸੰਗਤ ਦੇ, ਦਰਸ਼ਨ ਕਰਨ ਜਾਇਆ ਕਰਦਾ ਸਾਂ। ਆਪਣੇ ਪਿਤਾ ਤੋਂ ਅਤੇ ਹੋਰ ਜੱਥੇਦਾਰਾਂ, ਸਾਧੂਆਂ ਤੋਂ ਸਤਿਗੁਰੂ ਦੀ ਸਿਫਤ ਸਲਾਹੁਣ, ਸਤਿਗੁਰੂ ਦੀ ਸਮਰੱਥਾ, ਸਰਬੱਗਤਾ, ਸਰਬ ਸ਼੍ਰੇਸ਼ਟਤਾ ਬਾਰੇ ਸੁਣਦਾ ਰਿਹਾ ਹਾਂ। ਇਸੇ ਦੌਰਾਨ ਅਨੇਕ ਹੀ ਸਾਧੂਆਂ ਤੋਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਿਆਰਿਆਂ ਤੋਂ ਅਤੇ ਆਪਣੇ ਪਿਤਾ ਤੋਂ ਸੁਣਦਾ ਸਾਂ ਕਿ ਵੱਡੇ ਬਾਬਾ ਜੀ ਬਹੁਤ ਗੰਭੀਰ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ ਤਰ੍ਹਾਂ ਦੇ ਪਿਆਰੇ ਹਨ ਜਿਵੇਂ ਕਿ ਗੁਰੂ ਰਾਮ ਦਾਸ ਜੀ ਨੂੰ ਗੁਰੂ ਅਰਜਨ ਦੇਵ ਜੀ ਪਿਆਰੇ ਸਨ। ਇਹ ਵੀ ਗੁਰੂ ਅਰਜਨ ਦੇਵ ਜੀ ਵਾਂਗ

**ਇਕ ਘੜੀ ਨ ਮਿਲਤੇ ਤ ਕਲਜੁਗੁ ਹੋਤਾ,**
**ਤੇਰਾ ਮੁਖ ਸੁਹਾਵਾ ਜੀਉ ਸਹਜ ਧੁਨਿ ਬਾਣੀ"**

ਕਹਿਣ ਵਾਲੇ ਹਨ। ਪਰ ਇਸ ਗਲ ਨੂੰ ਸਾਧਾਰਨ ਅਤੇ ਆਮ ਕਹਿ ਸੁਣ ਹੀ ਛੱਡਦਾ ਸਾਂ।

ਮੈਨੂੰ ਮੇਰੇ ਪਿਤਾ ਜੀ ਦੀ ਤੀਖਣ ਬੁੱਧੀ ਦਾ ਅਤੇ ਸਤਿਗੁਰੂ ਜੀ ਦੀ ਗੂੜ੍ਹ ਨੇੜਤਾ ਦਾ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਵਿੱਖ ਵਾਕਾਂ ਦਾ ਅਹਿਸਾਸ ਅਤੇ ਪ੍ਰਗਟਾਵਾ ਉਸ ਦਿਨ ਹੋਇਆ ਜਦੋਂ ੧੯੫੯ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਓਹਲਾ ਕਰ ਗਏ। ਪਿਤਾ ਜੀ ਤਾਂ ੧੯੫੬ ਤੋਂ ਕੁਛ ਸਾਲ ਪਹਿਲਾਂ ਭਵਿੱਖ ਵਾਕਾਂ ਨਾਲ ਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਜੋੜ ਗਏ ਸਨ, ਜਦੋਂ ਇਹ ਬਾਬਾ ਜੀ ਦੇ ਰੂਪ ਵਿਚ ਸਨ। ਮੇਰੇ ਪਿਤਾ ਜੀ ਦੇ ਸ਼ਬਦ ਅਜੇ ਤੱਕ ਵੀ ਮੇਰੇ ਕੰਨਾਂ ਵਿਚ ਗੂੰਜਦੇ ਹਨ ਕਿ ਕਾਕਾ ਇਹ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਰੂਪ ਹੈ, ਇਹ ਹੀ ਅਗਲੀ ਗੱਦੀ ਦਾ ਵਾਰਸ ਹੈ। ਇਸ ਵਿਚ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਚ ਕੋਈ ਫਰਕ ਨਾ ਸਮਝੀ। ਇਸ ਦਾ ਗੁਰੂ ਅਰਜਨ ਦੇਵ ਜੀ ਦਾ ਜਿਵੇਂ - ਗੁਰੂ ਰਾਮਦਾਸ ਜੀ ਨਾਲ ਪਿਆਰ ਸੀ, ਉਸੇ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਪਿਆਰ ਹੈ। ਜਿਵੇਂ ਗੁਰੂ ਰਾਮਦਾਸ ਜੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਵਾਰਸ ਆਪਣੇ ਹੁੰਦਿਆਂ ਹੀ ਬਣਾ ਦਿੱਤਾ ਸੀ। ਇਸੇ ਤਰ੍ਹਾਂ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਾਬਾ ਜਗਜੀਤ ਸਿੰਘ ਜੀ ਨੂੰ 'ਸਤਿਗੁਰੂ ਜਗਜੀਤ ਸਿੰਘ' ਬਣਾ ਦਿੱਤਾ ਹੈ।

ਇਨ੍ਹਾਂ ਸਾਰੀਆਂ ਗਲਾਂ ਦਾ ਮੈਨੂੰ ਉਸ ਸਮੇਂ ਅਹਿਸਾਸ ਹੋਇਆ ਜਦੋਂ ਮੈਨੂੰ ਗੁਰੂ ਜਗਜੀਤ ਸਿੰਘ ਜੀ ਦੀ ਨੇੜਤਾ ਪ੍ਰਾਪਤ ਹੋਈ ਅਤੇ ਇਨ੍ਹਾਂ ਦੀ ਸ਼ਖਸੀਅਤ ਦਾ, ਇਨ੍ਹਾਂ ਦੀ ਸਰਬੱਗਤਾ ਦਾ ਅਹਿਸਾਸ ਮੇਰੇ ਧੁਰ ਅੰਦਰ ਚਲਾ ਗਿਆ ਅਤੇ ਜੋ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਪਿਤਾ ਜੀ ਤੇ ਹੋਰ ਸੰਤ ਸਾਧਾਂ ਤੋਂ ਸੁਣਿਆਂ ਸੀ ਅਤੇ ਗੁਰੂ ਜੀ ਬਾਰੇ ਜਿਸ ਤਰ੍ਹਾਂ ਦਾ ਜ਼ਿਕਰ, ਜਿਸ ਤਰ੍ਹਾਂ ਗੁਰੂ ਦੇ ਗੁਣਾਂ ਦਾ ਪ੍ਰਚਾਰ ਪੜ੍ਹਿਆ ਸੁਣਿਆ ਹੈ, ਉਹ ਇਨ੍ਹਾਂ ਵਿਚ ਮੂਰਤੀਮਾਨ ਹੋਇਆ ਵੇਖ ਕੇ ਆਪਣੇ ਪਿਤਾ ਜੀ ਤੇ ਹੋਰ ਸੰਤਾਂ ਸਾਧਾਂ ਦੀ ਤੀਖਣ ਬੁੱਧੀ ਤੇ ਅਹਿਸਾਸ ਕਰਕੇ ਮਨ ਵੈਰਾਗ ਨਾਲ ਭਰ ਕੇ ਕਹਿ ਉਠਿਆ ਕਿ

**"ਜੈਸਾ ਸਤਿਗੁਰੂ ਸੁਣੀਦਾ, ਤੈਸੋ ਹੀ ਮੈਂ ਡੀਠ।**
**ਵਿਛੁੜਿਆਂ ਮੇਲੇ ਪ੍ਰਭੂ ਹਰਿ ਦਰਗਹਿ ਨਾ ਬੈਸੀਠ।"**

(ਪੰਨਾ ੯੫)

ਮੈਂ ਆਪਣੇ ਪਿਤਾ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੈਨੂੰ ਅਜਿਹੇ ਪ੍ਰਭੂ ਦੇ ਲੜ ਲਾ ਛੱਡਿਆ ਹੈ ਜੋ ਦਰਗਾਹ ਦਾ ਮਾਲਕ ਹੈ।

ਜਦੋਂ ਨਾਮਧਾਰੀ ਸੰਗਤ ਜਾਂ ਬੁੱਧੀਜੀਵੀਆਂ ਵਿਚ ਮੈਂ ਜਾਂਦਾ ਹਾਂ, ਜਦੋਂ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਇਹ ਸੰਤ ਨਿਧਾਨ ਸਿੰਘ ਆਲਿਮ ਜੀ ਦਾ ਲੜਕਾ ਹੈ, ਉਹ ਮੈਨੂੰ ਜਿਸ ਪਿਆਰ, ਸਤਿਕਾਰ ਨਾਲ ਪਿਆਰ ਕਰਦੇ ਹਨ ਜਿਸਨੂੰ ਦੱਸਣ ਲਈ ਮੇਰੇ ਕੋਲ ਇਤਨੇ ਸ਼ਬਦ ਨਹੀਂ ਹਨ ਕਿ ਮੈਂ ਆਪਣੇ ਪਿਤਾ ਦੀ ਘਾਲਣਾ ਕਰਕੇ ਅੱਜ ਮੈਂ ਵੀ ਸਤਿਕਾਰਿਆ ਗਿਆ ਹਾਂ ਅਤੇ ਮੈਨੂੰ ਬਹੁਤ ਹੀ ਖੁਸ਼ੀ ਹੁੰਦੀ ਹੈ ਕਿ ਮੈਂ ਅਜਿਹੇ ਤਿਆਗੀ, ਵੈਰਾਗੀ, ਕੀਰਤਨੀਏ, ਵਿਦਵਾਨ ਅਜ਼ਾਦੀ ਘੁਲਾਟੀਏ, ਸਤਿਗੁਰੂ ਪ੍ਰਤਾਪ ਸਿੰਘ ਅਤੇ ਉਸ ਵੇਲੇ ਦੇ ਬਾਬਾ ਜਗਜੀਤ ਸਿੰਘ ਜੀ ਦੇ ਪਿਆਰੇ ਸੰਤ ਨਿਧਾਨ ਸਿੰਘ ਆਲਿਮ ਦਾ ਪੁੱਤਰ ਹਾਂ।

ਜਿਨ੍ਹਾਂ ਦਾ ਨਾਮ ਦੇਸ਼ ਦੀ ਆਜ਼ਾਦੀ, ਗਊ ਅਤੇ ਗਰੀਬ ਦੀ ਰੱਖਿਆ ਵਾਸਤੇ ਸੰਘਰਸ਼ ਕਰਨ ਵਾਲਿਆਂ ਵਿਚੋਂ ਹੈ।

ਮੈਨੂੰ ਆਪਣੇ ਪਿਤਾ ਜੀ ਦੀ ਉਸ ਰਚਨਾ, ਜੋ ਉਨ੍ਹਾਂ ਦੇ ਖਰੜੇ ਦੇ ਰੂਪ ਵਿਚ ਛਪਣਜੋਗ ਕਰਕੇ ਰੱਖੀ ਹੋਈ ਸੀ, ਨੂੰ ਪੁਸਤਕ ਦੇ ਰੂਪ ਵਿਚ ਛਪਵਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਉਨ੍ਹਾਂ ਦੀ ਲਿਖੀ ਭੂਮਿਕਾ ਦੇ ਮੁਤਾਬਿਕ ਬਾਬਾ ਜਗਜੀਤ ਸਿੰਘ ਜੀ ਤੇ ਮੰਡੀ ਦੀ ਸਾਧ ਸੰਗਤ ਦੀ ਪ੍ਰੇਰਣਾ ਨਾਲ ਇਹ ਪੁਸਤਕ ਲਿਖੀ ਗਈ ਸੀ। ਇਹ ਪੁਸਤਕ ਲਿਖਤੀ ਰੂਪ ਵਿਚ ਜੂਨ ੧੯੫੬ ਵਿਚ ਮੁਕੰਮਲ ਕੀਤੀ ਗਈ ਸੀ ਪਰ ਪਿਤਾ ਜੀ ਦੇ ਅਕਤੂਬਰ ੧੯੫੬ ਵਿਚ ਚਲਾਣਾ ਕਰਨ ਕਰਕੇ ਇਹ ਪੁਸਤਕ ਛਪ ਨਹੀਂ ਸੀ ਸਕੀ।

ਮੈਂ ਇਹ ਪੁਸਤਕ ਛਪਵਾ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਪਿਤ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਪ੍ਰਵਾਨ ਕਰਨਗੇ ਅਤੇ ਮੇਰੇ ਸਿਰ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਲਾ ਹੱਥ ਰੱਖੀ ਰੱਖਣਗੇ ਅਤੇ ਮੇਰੇ ਪਿਤਾ ਵਾਲਾ ਥਾਂ ਵੀ ਪਹਿਲੇ ਵਾਂਗ ਪੂਰਾ ਰੱਖਣਗੇ।

ਅੱਗੇ ਮੈਂ ਵੀ ਆਪਣੇ ਪਿਤਾ ਸੰਤ ਨਿਧਾਨ ਸਿੰਘ ਆਲਿਮ ਦੀਆਂ ਛੱਪੀਆਂ ਤੇ ਅਣ-ਛੱਪੀਆਂ ਕਿਰਤਾਂ ਦਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਪ੍ਰਵਾਨਤ ਨਾਮਧਾਰੀ ਦਰਬਾਰ ਨੂੰ ਪ੍ਰਕਾਸ਼ਤ ਜਾਂ ਅਨੁਵਾਦ ਕਰਨ ਦਾ ਅਧਿਕਾਰ ਪਹਿਲਾਂ ਹੀ ਦੇ ਚੁੱਕਾ ਹਾਂ। ਇਸ ਪੁਸਤਕ ਦਾ ਕਾਪੀ ਰਾਈਟ ਵੀ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ ਅਤੇ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਾਮਧਾਰੀ ਦਰਬਾਰ ਤੋਂ ਬਿਨਾਂ ਆਲਿਮ ਜੀ ਦੀ ਕਿਰਤਾਂ ਨੂੰ ਨਾ ਕੋਈ ਛਾਪੇ, ਨਾ ਕੋਈ ਅਨੁਵਾਦ ਕਰੇ।

**ਟਿੱਕਾ ਤ੍ਰਿਲੋਚਨ ਸਿੰਘ**
੪੫ ਪੰਜਾਬੀ ਬਾਗ, ਆਲਿਮ ਨਿਵਾਸ
ਪਟਿਆਲਾ।
ਫੋਨ ਨੰ: ੨੧੩੫੯੯

02-10-1998

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਆਦਿ ਕਥਨ

## ਹੰਸ-ਆਤਮਾ ਦੀ ਅੰਤਿਮ ਰਚਨਾ

ਪੁਸਤਕ "ਨਾਮਧਾਰੀ ਸਿਧਾਂਤ ਪ੍ਰਦਰਸ਼ਨ" ਸੰਤ ਨਿਧਾਨ ਸਿੰਘ ਜੀ ਅਲਿਮ (੧੮੮੯ ਤੋਂ ੧੯੫੬) ਦੀ ਅੰਤਿਮ ਪੁਸਤਕ ਹੈ, ਜੋ ਆਪ ਜੀ ਨੇ ਜੂਨ ੧੯੫੬ ਵਿਚ ਲਿਖੀ ਸੀ। ਉਸ ਤੋਂ ਕੁਝ ਮਹੀਨੇ ਪਿੱਛੋਂ ੧੬ ਅਕਤੂਬਰ ੧੯੫੬ ਨੂੰ ਆਪ ਗੁਰਪੁਰੀ ਸੁਧਾਰ ਗਏ। ਪੁਸਤਕ ਪੜ੍ਹਨ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਇਹ ਕਲਾ-ਕਿਰਤ, ਉਨ੍ਹਾਂ ਦੀ ਰਚਨਾ ਦਾ, ਇਕ ਪ੍ਰਕਾਰ ਦਾ ਰੇਖਾ ਚਿੱਤਰ ਹੀ ਸੀ, ਜਿਸ ਨੂੰ ਹਾਲੀ ਉਨ੍ਹਾਂ ਨੇ ਹੋਰ ਵਿਸਥਾਰ ਦੇਣਾ ਸੀ। ਪਰ ਕੁਝ ਜਰੂਰੀ ਰੁਝੇਵਿਆਂ ਕਾਰਨ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਦੇਸਾਂ ਅਨੁਸਾਰ ਆਪ ਜੀ ਨੂੰ ਕੁਝ ਹੋਰ ਲਿਖਤੀ ਕਾਰਜ ਕਰਨੇ ਪਏ। ਇਸ ਕਾਰਨ ਇਸ ਪੁਤਸਕ ਦਾ, ਜੋ ਸਰੂਪ ਕਲਪਿਤ ਕੀਤਾ ਸੀ, ਉਹ ਭਾਵੇਂ ਸਾਡੇ ਕੋਲ ਮੌਜੂਦ ਨਹੀਂ, ਪਰ ਜੋ ਕੁਝ ਵੀ ਸਾਨੂੰ ਇਸ ਪੁਸਤਕ ਦੇ ਰੂਪ ਵਿਚ ਪ੍ਰਾਪਤ ਹੈ, ਉਸ ਤੋਂ ਅਸੀਂ ਆਲਿਮ ਜੀ ਦੀ ਵਿਦਵਤਾ, ਵਿਸ਼ਾਲ ਗਿਆ, ਤਰਕਸ਼ੀਲ ਵਾਰਤਕ ਸ਼ੈਲੀ ਅਤੇ ਆਪਣੇ ਵਿਸ਼ੇ ਵਸਤੂ ਬਾਰੇ ਪੂਰਨ ਸਪਸ਼ਟਤਾ ਅਤੇ ਵੱਸੀਕਾਰ ਉਨ੍ਹਾਂ ਦੀ ਉਚੇਰੀ ਸਾਹਿਤਕ ਪ੍ਰਤਿਭਾ ਬਾਰੇ ਸਹਿਜੇ ਹੀ ਅਨੁਮਾਨ ਲਗਾ ਸਕਦਾ ਹੈ।

ਇਸ ਪੁਸਤਕ ਦੀ ਰਚਨਾ ਤੋਂ ਪਹਿਲਾਂ ਆਪ "ਗੁਰੂ ਪਦ-ਪ੍ਰਕਾਸ਼' (ਤਿੰਨ ਭਾਗ), ਜੋ ਇਕ ਵੱਡ-ਆਕਾਰੀ ਪੁਸਤਕ ਹੈ, 'ਸਿੱਖ ਧਰਮ ਤੇ ਮਾਸ', 'ਜੁਗ ਪਲਟਾਊ ਸਤਿਗੁਰ' ਤੇ 'ਰੂਹਾਨੀ ਟੈਲੀਫੋਨ' ਵਰਗੀਆਂ ਪ੍ਰਮੁੱਖ ਪੁਸਤਕਾਂ ਰਚ ਚੁੱਕੇ ਸਨ। ਇਨ੍ਹਾਂ ਤੋਂ ਬਿਨਾਂ ਆਪ ਲੰਮੇ ਚਿਰ ਤੱਕ, "ਕੂਕਾ", "ਸਤਿਜੁਗ", 'ਆਲਿਮ' ਵਰਗੀਆਂ ਪੱਤਰਕਾਵਾਂ ਦੇ ਸੰਪਾਦਕ ਵਜੋਂ ਵੀ ਸਫਲਤਾ ਪੂਰਵਕ ਕਾਰਜ ਨੂੰ ਨਿਭਾ ਕੇ ਪਾਠਕਾਂ ਦੀ ਪ੍ਰਸੰਨਤਾ ਦੇ ਭਾਈਵਾਲ ਬਣ ਚੁੱਕੇ ਸਨ।

ਸੰਤ ਨਿਧਾਨ ਸਿੰਘ ਜੀ ਆਲਿਮ ਦਾ ਜਨਮ ੧੮੮੯ ਈ: ਵਿੱਚ ਪਿੰਡ ਲੋਪੋਕੇ, ਜ਼ਿਲਾ ਅੰਮ੍ਰਿਤਸਰ ਵਿਚ ਸ੍ਰ: ਸੋਹਨ ਸਿੰਘ ਦੇ ਘਰ ਹੋਇਆ। ਛੇਤੀ ਹੀ ਆਪ ਸਤਿਗੁਰੂ ਰਾਮ ਸਿੰਘ ਜੀ ਦੇ ਵਰੋਸਾਏ ਹੋਏ ਸੰਤ ਕੇਸਰ ਸਿੰਘ ਜੀ ਮਹਾਵਾ ਦੇ ਪ੍ਰਭਾਵ ਥੱਲੇ ਆ ਗਏ ਅਤੇ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਰਨ ਵਿਚ ਆਉਣ ਨਾਲ ਆਪ ਦੇ ਲਈ ਨਾਮਧਾਰੀ ਸਮਾਜ ਵਿਚ ਸੇਵਾ ਕਰਨ ਦਾ ਮਾਰਗ ਪੱਧਰਾ ਹੋ ਗਿਆ ਅਤੇ ਆਪ ਜੀ ਦਾ ਸਾਰਾ ਜੀਵਨ ਨਾਮਧਾਰੀ ਪੰਥ, ਦੇਸ਼-ਭਗਤੀ, ਅਤੇ ਲੋਕ-ਸੇਵਾ ਦੇ ਲੇਖੇ ਵਿਚ ਲੱਗਾ। ਭਾਵੇਂ ਸੁਤੰਤਰਤਾ ਸੰਗ੍ਰਾਮ ਹੋਵੇ ਜਾਂ ਨਾਮਧਾਰੀ ਮੱਤ ਅਨੁਸਾਰ ਗੁਰਮਤ ਦੀ ਵਿਆਖਿਆ ਦਾ ਕਾਰਜ ਜਾਂ 'ਕੂਕਾ ਲਹਿਰ' ਸੰਬਧੀ ਕੁਝ ਪ੍ਰਮੁੱਖ ਇਤਿਹਾਸਕ ਤੱਥਾਂ ਦੀ ਖੋਜ ਪੜਤਾਲ ਤੇ ਉਹਨਾਂ ਦੀ ਤਾਰਕਿਕ ਵਿਆਖਿਆ ਜਾਂ ਪੱਤਰਕਾਰੀ, ਸੰਪਾਦਕੀ ਲੇਖ, ਜਾਂ ਧਰਮ ਪ੍ਰਚਾਰ ਲਈ ਕੀਤੇ ਗਏ ਵਿਆਖਿਆ ਅਤੇ ਗੁਰ-ਕੀਰਤਨ ਦਾ ਰਸ ਭਿੰਨਾ ਸੰਚਾਰ ਆਦਿ - ਆਪ ਦਾ ਇਨ੍ਹਾਂ ਉਪ੍ਰੋਕਤ ਖੇਤਰਾਂ ਵਿੱਚ ਯੋਗਦਾਨ ਬੜਾ ਵੱਡਮੁਲਾ ਅਤੇ ਅਭੁੱਲ ਕੀਰਤੀ ਦਾ ਭਾਗੀ ਹੈ। ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿਚ ਆਪ ਨੂੰ ਕਈ ਸਾਲਾਂ ਤਕ ਗੁਪਤਵਾਸ ਭੀ ਧਾਰਨ ਕਰਨਾ ਪਿਆ, ਪਰ ਆਪ ਜੀ ਦਾ ਰਾਸ਼ਟਰ-ਪ੍ਰੇਮ ਤੇ ਆਪਣੇ ਇਸ਼ਟਦੇਵ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਸ਼ਰਧਾ ਸਦਾ ਅਡੋਲ ਤੇ ਅਡਿੱਗ ਰਹੀ ਹੈ। ਇਹੋ ਕਾਰਨ ਸੀ ਕਿ ਆਪ 'ਜੁਗ ਪਲਟਊ ਸਤਿਗੁਰੂ' ਅਤੇ "ਗੁਰੂ ਪਦ-ਪ੍ਰਕਾਸ਼' ਵਰਗੀਆਂ ਅਦੁੱਤੀਆਂ ਪੁਸਤਕਾਂ ਦੀ ਰਚਨਾ ਕਰ ਸਕੇ। ਜਿਨ੍ਹਾਂ ਵਿਚ ਢੁਕਵੀਆਂ ਦਲੀਲਾਂ ਤੇ ਠੋਸ ਪ੍ਰਮਾਣ ਦੇ ਕੇ ਰਸ ਭਰਪੂਰ ਸਾਹਿਤਕ ਸ਼ੈਲੀ ਰਾਹੀ ਆਪ ਜੀ ਨੇ ਆਪਣੀ ਮਤ ਦਾ ਸਫਲਤਾ ਪੂਰਵਕ ਪ੍ਰਦਰਸ਼ਨ ਹੀ ਨਹੀਂ ਕੀਤਾ ਸਗੋਂ ਪਾਠਕਾਂ ਨੂੰ ਇਕ ਤਰ੍ਹਾਂ ਨਾਲ ਕੀਲ ਹੀ ਲਿਆ।

ਸੰਤ ਨਿਧਾਨ ਸਿੰਘ ਆਲਿਮ ਦੀ ਮਨੋਹਰ ਸ਼ਖ਼ਸੀਅਤ ਅਨੇਕ ਤਰ੍ਹਾਂ ਦੇ ਗੁਣਾਂ ਦਾ ਸਮੂਹ ਹੈ। ਗਿਆਨ ਅਤੇ ਅਨੁਭਵ ਇਤਿਹਾਸਕ ਤੱਥਾਂ ਦੀ ਖੋਜ ਪੜਤਾਲ ਅਤੇ ਉਨ੍ਹਾਂ ਦੀ ਢੁਕਵੀਂ ਵਿਆਖਿਆ ਦੁਆਰਾ ਆਪ ਜੀ ਨੇ ਪੰਜਾਬੀ ਭਾਸ਼ਾ ਦੇ ਸ੍ਰੇਸ਼ਟ ਵਾਰਤਕ ਲੇਖਕ ਅਤੇ ਵਿਅਕਤੀਗਤ ਸਾਹਿਤਕ-ਸ਼ੈਲੀ

ਦੇ ਸਵਾਮੀ ਹੋਣ ਨੂੰ ਸਿੱਧ ਕੀਤਾ ਹੈ। ਪੰਜਾਬੀ ਵਾਤਰਕ ਸਾਹਿਤ ਦੀ ਉਸਾਰੀ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਸਭ ਤੋਂ ਵੱਡੀ ਵਿਸ਼ੇਸਤਾ ਉਨ੍ਹਾਂ ਦੀ ਗਦ-ਰਚਨਾ ਵਿਚ ਇਹ ਹੈ ਕਿ ਉਹ ਸਰਲ, ਸਪਸ਼ਟ ਤੇ ਬਲਵਾਨ ਰਚਨਾ ਕਰਦੇ ਹੋਏ, ਤਕਰਸ਼ੀਲ ਵਿਗਿਆਨਕ ਸ਼ੈਲੀ ਤੇ ਭਾਵਯੁਕਤ ਸ਼ੈਲੀ ਦਾ ਇੱਕੋ ਸਮੇਂ ਤੇ ਇੱਕੋ ਪੁਸਤਕ ਵਿੱਚ ਰਚਨਾਂ ਕਰ ਸਕਣ ਦੇ ਸਮਰੱਥ ਸਨ। 'ਜੁਗ ਪਲਟਾਊ ਸਤਿਗੁਰੂ' ਨਾਂ ਦੀ ਪੁਸਤਕ ਇਸ ਤੱਥ ਦਾ ਜਿਊਂਦਾ ਜਾਗਦਾ ਪ੍ਰਮਾਣ ਹੈ। 'ਗੁਰੂ ਪਦ-ਪ੍ਰਕਾਸ਼' ਵਿਚ ਤਾਂ ਉਹ ਅਥਾਹ ਸਾਗਰ ਵਿਚ ਤਾਰੀਆਂ ਲਾਉਂਦੇ ਵਿਸਥਾਰ ਤੇ ਵੇਰਵਿਆਂ ਦੇ ਮੋਤੀ ਮਾਣਕਾਂ ਨਾਲ ਆਪਣੇ ਮੱਤ ਦੀ ਪੁਸ਼ਟੀ ਸਫਲ ਭਾਂਤ ਕਰਦੇ ਹੋਏ ਖੰਡਨ ਮੰਡਨ ਦੀ ਵਿਧੀ ਦੁਆਰਾ ਆਪਣੇ ਪਾਠਕਾਂ ਦੀ ਪੂਰਨ ਭਾਂਤ ਨਿਸ਼ਾ ਕਰਵਾ ਜਾਂਦੇ ਹਨ। ਇਸ ਤੋਂ ਵੱਧ ਕਿਸੇ ਸ਼੍ਰੇਸਟ ਸਾਹਿਤਕਾਰ ਦੀ ਹੋਰ ਕਿਹੜੀ ਵਿਸ਼ੇਸਤਾ ਹੋ ਸਕਦੀ ਹੈ।

ਹੱਥਲੀ ਪੁਸਤਕ 'ਨਾਮਧਾਰੀ ਸਿਧਾਂਤ ਪ੍ਰਦਰਸ਼ਨ' ਆਪਣੇ ਵਿਸ਼ੇ ਦੀ ਪੂੰਜੀਗਤ ਰਚਨਾ ਹੈ। ਇਸ ਵਿਚ ਗੁਰਮੱਤ ਦੇ ਪ੍ਰਮੁੱਖ ਸਿਧਾਂਤਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਅਤੇ ਉਹਨਾਂ ਬਾਰੇ ਸੰਖੇਪ ਵਿਚ ਇਤਨੀ ਮਹੱਤਵ-ਪੂਰਨ ਜਾਣਕਾਰੀ ਵਲ ਸੰਕੇਤ ਕੀਤੇ ਗਏ ਹਨ ਕਿ ਇਹਨਾਂ ਤੋਂ ਗੁਰਮੱਤ ਦੇ ਪ੍ਰਮੁੱਖ ਸਿੱਖੀ-ਸਿਧਾਂਤ ਦਾ ਪੂਰਨ ਬੋਧ ਪ੍ਰਾਪਤ ਹੋ ਜਾਂਦਾ ਹੈ। ਨਾਮ, ਸਤਿਗੁਰੂ, ਬਾਣੀ ਤੇ ਸਿੱਖ ਦੀ ਰਹਿਤ-ਮਰਯਾਦਾ ਤੇ ਹੋਰ ਪ੍ਰਚਲਿਤ ਤੇ ਪ੍ਰਮੁੱਖ ਧਾਰਮਿਕ ਰੀਤੀਆਂ ਬਾਰੇ ਇਸ ਪੁਸਤਕ ਵਿਚ ਸ੍ਰੀ ਆਲਿਮ ਜੀ ਨੇ ਗਿਆਨ ਸਰੋਵਰ ਦੇ ਡੂੰਘੇ ਤਲਾਂ ਵਿਚ ਚੁੱਭੀਆਂ ਮਾਰ ਕੇ ਜਿਹੜੇ ਅਮੋਲਕ ਮਾਣਕ ਮੋਤੀ ਇਸ ਪੁਸਤਕ ਦੇ ਥਾਲ ਵਿਚ ਪਰੋਸੇ ਹਨ, ਉਨ੍ਹਾਂ ਨਾਲ ਜਗਿਆਸੂਆਂ, ਵਿਦਵਾਨਾਂ ਤੇ ਦੋਹਾਂ ਦੀ ਸੰਤੁਸ਼ਟੀ ਹੋ ਜਾਂਦੀ ਹੈ। ਆਓ ਜਰਾ ਇਸ ਪੁਸਤਕ ਦੇ ਪ੍ਰਮੁਖ ਵਿਸ਼ਿਆਂ ਉੱਤੇ ਪੰਛੀ ਝਾਤ ਮਾਰ ਕੇ ਵਿਚਾਰ ਕਈਏ।

ਸਭ ਤੋਂ ਪਹਿਲਾਂ ਆਪ ਜੀ ਨੇ ਗੁਰਮੱਤ ਦੇ ਸਭ ਤੋਂ ਪ੍ਰਮੁੱਖ ਪੱਖ 'ਨਾਮ' ਦੀ ਵਿਆਖਿਆ ਕੀਤੀ ਹੈ। ਆਦਿ ਸ੍ਰੀ ਗ੍ਰੰਥ ਸਾਹਿਬ ਦਾ ਆਰੰਭ ਹੀ '੧ਓ' ਤੋਂ ਪਿੱਛੋਂ 'ਸਤਿਨਾਮ, ਨਾਲ ਸ਼ੁਰੂ ਹੁੰਦਾ ਹੈ। ਫਿਰ ਜਪੁਜੀ ਸਾਹਿਬ ਦੇ ਅੰਤਿਮ ਸਲੋਕ ਦੀਆਂ ਅੰਤਿਮ ਪੰਗਤੀਆਂ ਵਿਚ ਇਹ ਉਲੇਖ ਹੈ।

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ"**

ਵਲ ਸੰਕੇਤ ਕੀਤਾ ਹੈ। ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਹੀ ਅੰਤਿਮ ਰਚਨਾ ਰਾਗ ਮਾਲਾ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਲੀ ਵਿਚ 'ਅੰਮ੍ਰਿਤ ਨਾਮ ਠਾਕੁਰ ਕਾ ਪਇਓ' ਕਿਹਾ ਹੈ ਅਤੇ ਅੰਤਿਮ ਸਲੋਕ ਵਿਚ ਮਹਲਾ ਪੰਜਵਾਂ ਵਿਚ ਤਾਂ ਗੁਰਮਤ ਦੇ ਸਿਧਾਂਤਾਂ ਦੀ ਸੰਪੂਰਨ ਵਿਆਖਆ ਹੀ ਕਰ ਦਿਤੀ ਹੈ।

**'ਤਰਸ ਪਇਆ ਮਿਹਰਾਮਤ ਹੋਈ ਸਤਿਗੁਰੂ ਸਜਣੁ ਮਿਲਿਆ।**
**ਨਾਨਕ ਨਾਮ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ'**

ਸ੍ਰੀ ਆਲਿਮ ਜੀ ਨੇ ਵੀ ਗੁਰੂ ਅਰਜਨ ਦੇਵ ਜੀ ਵਲੋਂ ਪ੍ਰਸਤੁਤ ਤੇ ਪ੍ਰਸਾਰਿਤ ਗੁਰਮਤ ਦੇ ਇਨ੍ਹਾਂ ਨੇਮਾਂ ਅਥਵਾ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। 'ਨਾਮ ਸਿਮਰਨ' ਸਿੱਖੀ ਦਾ ਸਭ ਤੋਂ ਵੱਡਾ ਨੇਮ ਜਾਂ ਸਿਧਾਂਤ ਹੈ। 'ਗੁਰ-ਪ੍ਰਸ਼ਾਦ' ਜਾਂ ਸਤਿਗੁਰੂ ਜੀ ਦੀ ਕਿਰਪਾ ਦ੍ਰਿਸ਼ਟੀ ਜਾਂ ਨਦਰ ਕਰਮ ਦੁਆਰਾ ਇਹ ਪ੍ਰਾਪਤ ਹੁੰਦਾ ਹੈ। ਸ੍ਰੀ ਆਲਿਮ ਜੀ ਅਨੁਸਾਰ ਇਹ ਪੜ੍ਹੇ-ਅਣਪੜ੍ਹੇ, ਊਚ-ਨੀਚ, ਹਰ ਕਿਸੇ ਉਸ ਵਿਅਕਤੀ ਨੂੰ ਪ੍ਰਾਪਤ ਹੋ ਸਕਦਾ ਹੈ, ਜੋ ਸੱਚੇ ਦਿਲੋਂ ਸਿਦਕ ਅਤੇ ਭਰੋਸਾ ਰੱਖ ਕੇ ਸਤਿਗੁਰੂ ਦੀ ਸ਼ਰਨ ਵਿਚ ਜਾਂਦਾ ਹੈ। ਇਸ ਲਘੂ ਪੁਸਤਕ ਵਿਚ ਨਾਮ ਦੇ ਅਨੇਕ ਵਿਸ਼ੇਸਣਾਂ, ਨਾਮ ਪ੍ਰਾਪਤ ਕਰ ਸਕਣ ਦੀ ਵਿਧੀ ਅਤੇ ਇਸ ਸਬੰਧ ਵਿਚ ਸਰਗੁਣ ਸਰੂਪ ਸਤਿਗੁਰੂ ਦੀ ਭੂਮਿਕਾ ਵਿਚ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਨਾਮ ਦੀ ਦਾਤ ਹੀ ਸਭ ਤੋਂ ਵੱਡੀ ਸੁਗਾਤ ਹੈ, ਜੋ ਇਕ ਸਿੱਖ ਸਤਿਗੁਰੂ ਤੋਂ ਹੀ ਪ੍ਰਾਪਤ ਕਰ ਸਕਦਾ ਹੈ। ਸਤਿਗੁਰੂ ਸਿੱਖ ਦੇ ਸਿਰ ਤੇ ਹੱਥ ਰੱਖ ਕੇ ਮਰਯਾਦਾ ਪੂਰਵਕ ਢੰਗ ਨਾਲ ਸਨਾਤਨ ਰੀਤੀ ਅਨੁਸਾਰ ਸਿੱਖ ਦੇ ਕੰਨ ਵਿਚ ਗੁਰਮੰਤ੍ਰ(ਨਾਮ) ਦੇਣ ਦਾ ਆਦੇਸ਼ ਕਰਦਾ ਹੈ। ਨਾਮ ਅਮੋਲਕ ਰਤਨ ਹੈ।

ਨਾਮ ਅੰਮ੍ਰਿਤ ਹੈ। ਨਾਮ ਉਹ ਕੁੰਜੀ ਹੈ, ਜਿਸ ਨੂੰ ਸਤਿਗੁਰੂ ਸਿੱਖ ਦੇ ਕਾਇਆ ਰੂਪੀ ਘੱਟ ਵਿਚ ਅਗਿਆਨ ਰੂਪੀ ਜੰਦਰੇ ਨੂੰ ਖੋਲ੍ਹ ਕੇ ਗਿਆਨ ਰਤਨ ਦਾ ਪ੍ਰਕਾਸ਼ ਕਰ ਦਿੰਦਾ ਹੈ। ਇਸ ਉਪਰੰਤ ਪੂਰਨ ਸੀਤ ਦੇ ਬ੍ਰਹਮ ਗਿਆਨ ਨਾਲ ਵਿਭੂਸ਼ਿਤ ਸੰਤ ਆਲਿਮ ਜੀ ਨੇ ਸਤਿਗੁਰੂ ਜੀ ਦੀ ਮਹਿਮਾ ਦਾ ਵਿਖਿਆਨ ਕੀਤਾ ਹੈ ਤੇ ਕਿਵੇਂ ਸਤਿਗੁਰੂ ਦੇਹ ਸਰੂਪ ਵਿਚ ਈਸ਼ਵਰੀ ਸੱਤਾ ਦਾ ਪ੍ਰਗਟ ਪ੍ਰਮਾਣ ਹੈ। ਇਸ ਸਬੰਧ ਵਿਚ ਜੋ ਹਵਾਲੇ ਤੇ ਪ੍ਰਮਾਣ ਇਸ ਪੁਸਤਕ ਵਿਚ ਦਿੱਤੇ ਗਏ ਹਨ ਉਨ੍ਹਾਂ ਨੂੰ ਪੜ੍ਹ ਕੇ ਹੀ ਆਲਿਮ ਜੀ ਦੀ ਵਿਦਵਤਾ ਤੇ ਵਿਸ਼ਾਲ ਗਿਆਨ ਭੰਡਾਰ ਦੀ ਜਾਣਕਾਰੀ ਹੋ ਸਕਦੀ ਹੈ। ਅਗਲੇ ਪ੍ਰਕਰਣਾਂ ਵਿਚ ਸ੍ਰੀ ਆਲਿਮ ਜੀ ਨੇ ਵਿਸਥਾਰ ਨਾਮ ਨਾਮਧਾਰੀ ਪੰਥ ਵਿਚ ਬਾਣੀ ਦੇ ਸਤਿਕਾਰ ਦੀ ਵਿਸਤ੍ਰਿਤ ਵਿਆਖਿਆ, ਸਹਿਜ ਤੇ ਅਖੰਡ ਪਾਠਾਂ ਦੀ ਵਿਧੀ-ਵਿਧਾਨ ਦਾ ਵੇਰਵੇ ਸਾਹਿਤ ਵਰਣਨ ਕੀਤਾ ਹੈ। ਇਨ੍ਹਾਂ ਦਲੀਲਾਂ ਤੇ ਪ੍ਰਮਾਣਾਂ ਨੂੰ ਪੜ੍ਹ ਕੇ ਕੋਈ ਵੀ ਸੱਜਣ ਇਹ ਨਹੀਂ ਕਹਿ ਸਕਦਾ ਕਿ ਨਾਮਧਾਰੀਆਂ ਵਿਚ ਗੁਰਬਾਣੀ ਦਾ ਸਤਿਕਾਰ ਨਹੀਂ ਕੀਤਾ ਜਾਂਦਾ ਹੈ, ਸਗੋਂ ਸੱਚ ਤਾਂ ਇਹ ਹੈ ਕਿ ਨਾਮਧਾਰੀ ਸਾਧ-ਸੰਗਤ ਵਿਚ ਗੁਰਬਾਣੀ ਦਾ ਸਭ ਤੋਂ ਵੱਧ ਸਤਿਕਾਰ ਕੀਤਾ ਜਾਂਦਾ ਹੈ।

ਅਗਲੇ ਖੰਡ ਵਿਚ ਵਿਦਵਾਨ ਲੇਖਕ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ "ਕੂਕਾ ਲਹਿਰ" ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਇਹ ਆਪਣੀ ਧਾਰਮਿਕ ਮਰਯਾਦਾ ਤੇ ਸਮਾਜ-ਸੁਧਾਰ ਦੀ ਲਹਿਰ ਦੇ ਨਾਲ ਨਾਲ ਸੁਤੰਤਰਤਾ ਸੰਗ੍ਰਾਮ ਦੇ ਪਹਿਲੀ ਵੱਡੀ ਅੰਗ੍ਰੇਜ਼ ਸਮਾਜ ਵਿਰੋਧੀ, ਉਹ ਲੋਕ-ਲਹਿਰ ਸੀ, ਜਿਸ ਨੇ ਸੁਤੰਤਰਤਾ ਸੰਗ੍ਰਾਮ ਦੇ ਅਨੇਕਾਂ ਪੱਖਾਂ ਦਾ ਅਰੰਭ ਕੀਤਾ, ਜੋ ਪਿੱਛੋ ਜਾ ਕੇ ਮਹਾਮਤਾ ਗਾਂਧੀ ਦੀ ਅਗਵਾਈ ਵਿਚ ਨੈਸ਼ਨਲ ਕਾਂਗਰਸ ਬਣਿਆ, ਸੁਤੰਤਰਤਾ ਸੰਗ੍ਰਾਮ ਦਾ ਅੰਗ ਬਣਿਆ। ਯਾਦ ਰਹੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੁਤੰਤਰਤਾ ਸੰਗ੍ਰਾਮ ਦੇ ਇਹ ਸਾਰੇ ਪੱਖ ਨੈਸ਼ਨਲ ਕਾਂਗਰਸ ਦੇ ਅਪਣਾਉਣ ਤੋਂ ਅੱਧੀ ਸਦੀ ਪਹਿਲਾਂ ਨਿਸ਼ਚਿਤ ਕਰ ਦਿੱਤੇ ਸਨ। ੧੮੭੨ ਈ: ਦੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਨੇ ਤਾਂ ਗੁਲਾਮੀ ਦੇ ਉਸ ਅੰਧਕਾਰਮਈ ਕਾਲੀ ਰਾਤ ਦੇ ਦੌਰ ਵਿਚ ਆਜ਼ਾਦੀ ਦੀ ਵੱਡੀ ਸ਼ਮ੍ਹਾ ਜਗਾ ਦਿੱਤੀ ਸੀ।ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਪਿੱਛੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਕਾਲ ਵਿਚ ਜਿਹੜੇ ਅੰਗ੍ਰੇਜ਼ੀ ਸਰਕਾਰ ਨੇ ਜਿਸ ਦਮਨ ਚੱਕਰ ਦਾ ਸ਼ਿਕਾਰ ਨਾਮਧਾਰੀਆਂ ਨੂੰ ਹੋਣਾ ਪਿਆ ਅਤੇ ਜਿਸ ਸਰਕਾਰੀ ਜਬਰ ਦਾ ਨਾਮਧਾਰੀਆਂ ਨੇ ਸਬਰ ਨਾਲ ਟਾਕਰਾ ਕੀਤਾ ਉਹ ਆਪਣੇ ਆਪ ਵਿਚ ਹੀ ਇਕ ਅਦੁੱਤੀ ਮਿਸਾਲ ਸੀ। ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤਾਂ ਸੁਤੰਤਰਤਾ ਸੰਗ੍ਰਾਮ ਤੇ ਨਾਮਧਾਰੀ ਸਮਾਜ ਸਮਰੂਪ ਹੀ ਹੋ ਗਏ ਸਨ। ਸੰਤ ਨਿਧਾਨ ਸਿੰਘ ਜੀ ਆਲਮ ਇਸੇ ਦੌਰੇ ਦੀ ਹੀ ਦੇਣ ਹਨ ਅਤੇ ਉਨ੍ਹਾਂ ਦੀ ਦੇਸ਼-ਭਗਤੀ ਤੇ ਨਾਮਧਾਰੀ ਸਮਾਜ ਲਈ ਕੀਤੀ ਗਈ ਸੇਵਾ ਆਪਣੇ ਆਪ ਵਿਚ ਇਕ ਰੌਸਨ ਮਿਸਾਲ ਹੈ। ਆਪ ਨੇ ਧਰਮ ਤੇ ਰਾਜਨੀਤੀ ਦੋਹਾਂ ਨੂੰ ਹੀ ਸੰਜੋ ਕੇ ਰੱਖਿਆ ਹੈ। ਇਸ ਬਾਰੇ ਵਰਣਨ ਇਸੇ ਪੁਸਤਕ ਵਿਚ 'ਬਾਬਰ ਕੇ ਅਤੇ ਬਾਬੇ ਕੇ' ਪ੍ਰਕਰਨ ਵਿਚ ਵੇਖਿਆ ਜਾ ਸਕਦਾ ਹੈ। 'ਮਾਸ ਨਿਸ਼ੇਧ' ਵਾਲੇ ਪ੍ਰਕਰਨ ਵਿਚ ਆਲਿਮ ਜੀ ਨੇ ਸ੍ਰੁਤਾ ਅਤੇ ਪ੍ਰਤਾ ਦੇ ਪ੍ਰਮਾਣਾਂ ਦੁਆਰਾ ਮਾਸਾਹਾਰ ਦਾ ਖੰਡਨ ਕੀਤਾ ਹੈ ਅਤੇ ਦਇਆ ਤੇ ਹਿੰਸਾ ਦੇ ਅਸੂਲਾਂ ਨੂੰ ਉਨ੍ਹਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਤੇ ਪ੍ਰਮਾਣ ਉਹਨਾਂ ਦੀ ਪ੍ਰਬੁੱਧਤਾ ਦੀ ਸਾਖੀ ਭਰਦੀਆਂ ਹਨ। ਇਤਨੀ ਵੱਡੀ ਗਿਣਤੀ ਵਿਚ ਆਪਨੇ ਮੱਤ ਦੀ ਪੁਸ਼ਟੀ ਲਈ ਹਵਾਲੇ ਦੇ ਪ੍ਰਮਾਣ ਇਕਤੱਰ ਕਰਨਾ ਹੀ ਆਲਿਮ ਜੀ ਦੀ ਇਕ ਸਾਹਿਤਕ ਘਾਲਣਾ ਦੀ ਪੁਸ਼ਟੀ ਕਰਦੇ ਹਨ ਅਤੇ ਫਿਰ ਇਨ੍ਹਾਂ ਨੂੰ ਇਕ ਚੰਗੇ ਲੇਖਕ-ਹਾਰ ਪੁਸਤਕ ਰੂਪੀ ਥਾਲ ਵਿਚ ਥਾਂ ਥਾਂ ਸੁੰਦਰ ਗੁਲਦਸਤੇ ਵਾਂਗ ਸਜਾ ਦੇਣਾ ਉਨ੍ਹਾਂ ਦੇ ਕਲਾ-ਕੌਸ਼ਲ ਦਾ ਅਦੁੱਤੀ ਪ੍ਰਮਾਣ ਹੈ।

ਸੰਤ ਨਿਧਾਨ ਸਿੰਘ ਜੀ ਆਲਿਮ ਦਾ ਦਿਹਾਂਤ ੧੯ ਅਕਤੂਬਰ ੧੯੫੯ ਈ: ਨੂੰ ਲੁਧਿਆਣੇ ਵਿਖੇ ਦਿਮਾਗੀ ਨਸ ਫੱਟ ਜਾਣ ਕਾਰਨ ਹੋਇਆ। ਮੈਨੂੰ ਉਹਨਾਂ ਦੇ ਇੱਕਲੋਤੇ ਸਪੁੱਤਰ ਟਿੱਕਾ ਤ੍ਰਿਲੋਚਨ ਸਿੰਘ ਜੀ ਨੇ ਦੱਸਿਆ ਹੈ ਕਿ ਉਸ ਦਿਨ ਆਪ ਸਵੇਰ ਤੋਂ ਲੈ ਕੇ ਅੰਤਮ ਛਿਣਾਂ ਤੱਕ ਲਿਖਣ ਤੇ ਪੜ੍ਹਨ ਦਾ ਕਾਰਜ ਕਰਦੇ ਰਹੇ। ਸੰਤ ਨਿਧਾਨ ਸਿੰਘ ਜੀ ਆਲਿਮ ਵਰਗੇ ਮਾਨਵ-ਰਤਨ, ਜੋ ਨਿਸਕਾਮ ਰੂਪ ਵਿਚ ਲੋਕ-ਸੇਵਾ ਵਿਚ ਜੁੱਟੇ ਰਹਿੰਦੇ ਹਨ, ਘਟ ਹੀ ਪੈਦਾ ਹੁੰਦੇ ਹਨ।ਗੁਰਵਾਕ ਹੈ:-

**ਅੰਤਰਿ ਗੁਰ ਅਰਾਧਣਾ ਜਿਹਵਾ ਜਪਿ ਗੁਰਨਾਉ।**
**ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰਨਾਉ ।**
**ਸਤਿਗੁਰੁ ਸੇਤੀ ਰਤਿਆ ਦਰਗਹ ਪਾਈਐ ਠਾਉ।**
**ਕਹੁ ਨਾਨਕ ਕਿਰਪਾ ਕਰੇ ਜਿਸਨੋ ਏਹ ਵਥੁ ਦੇਇ।**
**ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ।**

(ਪੰਨਾ ੫੧)

ਸੱਚ ਮੁੱਚ ਇਹੋ ਜਿਹੇ ਵਿਰਲੇ ਵਿਅਕਤੀ ਹੀ ਸਨ 'ਸੰਤ ਨਿਧਾਨ ਸਿੰਘ ਜੀ ਆਲਿਮ' ਤੇ ਵਿਰਲੀ ਤੇ ਵਿਲੱਖਣ ਹੀ ਹੈ ਇਹਨਾਂ ਦੀ ਇਹ ਪੁਸਤਕ 'ਨਾਮਧਾਰੀ ਸਿਧਾਂਤ ਪ੍ਰਦਰਸ਼ਨ' ਜੋ ਉਨ੍ਹਾਂ ਨੇ ਸਿੱਖ ਜਗਤ ਨੂੰ ਆਮ ਕਰਕੇ ਤੇ ਨਾਮਧਾਰੀ ਸਾਧ ਸੰਗਤ ਨੂੰ ਵਿਸ਼ੇਸ਼ ਕਰਕੇ ਆਪਣੀ ਅੰਤਿਮ ਭੇਂਟ ਤੇ ਸੌਗਾਤ ਵਜੋਂ ਦਿੱਤੀ।

**ਕਿਰਪਾਲ ਸਿੰਘ 'ਕਸੇਲ'**
ਪਟਿਆਲਾ।

4-10-98

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਨਾਮਧਾਰੀ ਸਿਧਾਂਤ ਪ੍ਰਦਰਸ਼ਨ

ਅਨੁਬੰਧ ਨਿਰੂਪਣ

ਨਾਮਧਾਰੀ ਸਿਧਾਂਤਾਂ ਦਾ ਪ੍ਰਗਟ ਕਰਨਾ ਇਸ ਪੁਸਤਕ ਦਾ ਵਿਸ਼ਾ ਹੈ। ਇਸ ਮਤ ਸਬੰਧੀ ਜਾਣਕਾਰੀ ਪ੍ਰਾਪਤ ਵਾਲੇ ਸੱਜਨਾਂ ਦੀ ਸਹਾਇਤਾ ਕਰਨਾ ਪ੍ਰਯਜਿਨ ਹੈ, ਪ੍ਰੇਮ ਭਾਵ ਨਾਲ, ਕੇਵਲ ਗੁਣ ਗ੍ਰਾਹਕ ਹੋਣ ਦੀ ਹੈਸੀਅਤ ਵਿਚ ਵਾਚਣ ਵਾਲੇ ਸਜੱਨ ਇਸ ਦੇ ਅਧਿਕਾਰੀ ਹਨ। ਪੁਸਤਕ ਦਾ ਵਿਸ਼ਯ ਨਾਲ ਪ੍ਰਤੀਪਾਦਕ ਪ੍ਰਤੀਪਾਦ ਭਾਵ ਸਬੰਧ ਹੈ।

ਇਹ ਪੁਸਤਕ ਕਿੰਨੀ ਕੁ ਖੋਜ ਅਤੇ ਪ੍ਰਿਸ਼ਰਮ ਦਾ ਸਿੱਟਾ ਹੈ? ਇਸ ਸਬੰਧੀ ਕੁਝ ਵੀ ਕਹਿਣਾ ਜਾਂ ਲਿਖਣਾ ਲੇਖਕ ਦਾ ਨਹੀਂ, ਕਿੰਤੂੰ ਪਾਠਕਾਂ ਦਾ ਕੰਮ ਹੈ।ਇਸ ਵਿਚ ਪੰਥਕ ਸਿਧਾਂਤਾਂ ਨੂੰ ਸੁਖੈਨ ਤੋਂ ਸੁਖੈਨ ਢੰਗ ਨਾਲ ਪ੍ਰਗਟ ਕਰਨ ਦਾ ਯਤਨ ਕੀਤਾ ਗਿਆ ਹੈ। ਸਿਧਾਂਤਾਂ ਦੀ ਪੁਸ਼ਟੀ ਅਰ ਸਿੱਧੀ ਅਰਥ ਸ੍ਰੀ ਗ੍ਰੰਥ ਸਾਹਿਬ ਆਦਿ ਅਤੇ ਦਸਮ ਦੇ ਪ੍ਰਮਾਣ ਪ੍ਰਮੁੱਖ ਕੋਟੀ ਵਿਚ ਦਿੱਤੇ ਗਏ ਹਨ। ਸ੍ਰੀ ਮਾਨ ਭਾਈ ਗੁਰਦਾਸ ਅਤੇ ਦੀਵਾਨ ਨੰਦ ਲਾਲ ਜੀ ਦੀਆਂ ਰਚਨਾਵਾਂ ਨੂੰ ਨੰਬਰ ਦੋ ਤੇ ਰੱਖਿਆ ਗਿਆ ਹੈ। ਸਿੱਖ ਇਤਿਹਾਸ ਅਤੇ ਹੋਰ ਸਾਹਿਤ ਗ੍ਰੰਥਾਂ ਦੇ ਪ੍ਰਮਾਣ ਤੀਸਰੇ ਦਰਜੇ ਦੇ ਮੰਨੇ ਗਏ ਹਨ। ਇਹਨਾਂ ਸਿਧਾਂਤਾਂ ਦੀ ਸਰਬਮਾਨਤਾ ਅਤੇ ਮਹਾਨਤਾ ਸਿੱਧ ਕਰਨ ਦੇ ਨੁਕਤਾ ਨਿਗਾਹ ਨਾਲ ਅੱਨ ਮਤਾਂ ਦੇ ਪ੍ਰਮਾਣ ਵੀ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਕਿਸੇ ਵਿਸ਼ੇਸ ਗਲ ਤੇ ਟੀਕਾ ਟਿੱਪਣੀ ਦੀ ਲੋੜ ਨੂੰ ਫੁੱਟ ਨੋਟਾਂ ਦੁਆਰਾ ਪੂਰਾ ਕੀਤਾ ਗਿਆ ਹੈ।

**ਅਰਜੋਈ**

ਪਾਠਕਾਂ ਦੀ ਸੇਵਾ ਵਿਚ ਇਹ ਅਰਜੋਈ ਕਰਨੀ ਬੜੀ ਜਰੂਰੀ ਸਮਝੀ ਗਈ ਹੈ ਕਿ ਪੁਸਤਕ ਕੇਵਲ ਆਪਣਾ ਮਤ ਦਰਸਾਣ ਦੇ ਦ੍ਰਿਸ਼ਟੀ ਕੋਣ ਨਾਲ ਲਿਖਿਆ ਗਿਆ ਹੈ। ਇਸ ਦੇ ਲਿਖਣ ਦੀ ਲੋੜ ਭਾਵੇਂ ਚਿਰਾਂ ਤੋਂ ਪ੍ਰਤੀਤ ਹੋ ਰਹੀ ਸੀ ਅਤੇ ਕਈ ਵਾਰ ਕਈ ਸਜੱਣਾਂ ਵਲੋਂ ਲੇਖਕ ਨੂੰ ਇਸ ਵਿਸ਼ੇ ਤੇ ਪ੍ਰੇਰਣਾ ਵੀ ਮਿਲਦੀ ਰਹੀ, ਪਰ ਇਸ ਮਹਾਨ ਸੇਵਾ-ਨਿਮਿਤ ਉਤਸ਼ਾਹ ਭਰੀ ਪ੍ਰੇਰਣਾ ਮੰਡੀ ਹਿਮਾਚਲ

Sri Satguru Jagjit Singh Ji eLibrary NamdhariElibrary@gmail.com

ਪ੍ਰਦੇਸ਼ ਦੀ ਨਾਮਧਾਰੀ ਸੰਗਤ ਵਲੋਂ ਬਸੰਤ ਪੰਚਮੀਂ ਸੰਮਤ ੨੦੧੧ ਮੁਤਾਬਕ ੧੯੫੪ ਈ: ਨੂੰ, ਪ੍ਰਾਪਤ ਹੋਈ, ਇਸੇ ਮਹੀਨੇ ਵਿਚ ਬਾਬਾ ਜਗਜੀਤ ਸਿੰਘ ਜੀ ਨੇ ਮੈਨੂੰ 'ਨਾਮਧਾਰੀ ਰਹਿਤ' ਬਾਰੇ ਲਿਖਣ ਦਾ ਹੁਕਮ ਕੀਤਾ ਸੀ, ਜਿਨ੍ਹਾਂ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਕਸਰ ਹੀ ਹੁਕਮ ਕਰਿਆ ਕਰਦੇ ਹਨ ਕਿ "ਕਾਕਾ ਵੱਡਾ ਮੇਰਾ ਪੂਰਾ ਆਗਿਆ ਕਾਰੀ ਹੈ ਅਤੇ ਮੇਰੇ ਹਰ ਇਕ ਹੁਕਮ ਨੂੰ ਬਹੁਤ ਬਰੀਕੀ ਨਾਲ ਸਮਝਦਾ ਹੈ ਤੇ ਹਿਰਦਿਓਂ ਪਾਲਣ ਕਰਦਾ ਹੈ, ਉਸ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ, ਉਹ ਮੈਨੂੰ ਆਪਣੀ ਜਾਨ ਤੋਂ ਵੱਧ ਪਿਆਰਦਾ ਤੇ ਸਤਿਕਾਰਦਾ ਹੈ, ਮੇਰੇ ਹੁਕਮ ਅਗੇ ਉਸ ਅੰਦਰ ਨੰਨਾ ਅੱਖਰ ਤੇ ਹੈ ਹੀ ਨਹੀਂ, ਹੁਣ ਮੈਨੂੰ ਇਸ ਦੇ ਹੁੰਦਿਆਂ ਪੰਥ ਦਾ ਕੋਈ ਫਿਕਰ ਨਹੀਂ ਹੈ" ।

ਇਸ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਨੂੰ ਮੁੱਖ ਰੱਖਦਿਆਂ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗੱਦੀ ਦਾ ਵਾਰਸ ਸਮਝਦਿਆਂ, ਮੈਂ ਬਾਬਾ ਜਗਜੀਤ ਸਿੰਘ ਜੀ ਦਾ, ਸਤਿਗੁਰੂ ਪ੍ਰਤਾਪ ਸਿੰਘ ਜੀ ਜਿਤਨਾ ਹੀ, ਅਦਬ ਕਰਦਾ ਹਾਂ ਅਤੇ ਉਨ੍ਹਾਂ ਜਿੰਨਾਂ ਹੀ ਹੁਕਮ ਮੰਨਦਾ ਹਾਂ। ਸੋ ਜਦੋਂ ਬਾਬਾ ਜਗਜੀਤ ਸਿੰਘ ਜੀ ਦਾ ਲਿਖਣ ਦਾ ਹੁਕਮ ਹੋ ਗਿਆ ਤਾਂ ਮੈਂ ਓਸੇ ਰਾਤ ਲਿਖਣ ਦਾ ਸ੍ਰੀ ਗਣੇਸ਼ ਕਰ ਦਿੱਤਾ। ਮੇਰੇ ਲਈ ਬਾਬਾ ਜਗਜੀਤ ਸਿੰਘ ਜੀ ਦਾ ਹੁਕਮ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਹੈ। ਸੋ ਇਸ ਲਈ ਬਾਬਾ ਜਗਜੀਤ ਸਿੰਘ ਜੀ ਦੁਅਰਾ ਲੇਖਕ ਦੇ ਹਿਰਦੇ ਵਿਚ ਇਸ ਪੁਸਤਕ ਦੀ ਰਚਨਾ ਦਾ ਦ੍ਰਿੜ ਭਾਵ ਉਪਜਿਆ ਹੈ। ਜਿਸ ਕਰਕੇ ਮੈਂ ਬਾਬਾ ਜਗਜੀਤ ਸਿੰਘ ਜੀ ਅਤੇ ਮੰਡੀ ਦੀ ਨਾਮਧਾਰੀ ਸੰਗਤ ਦਾ ਕ੍ਰਿਤੱਗਯ ਹਾਂ। ਅੰਤ ਵਿਚ ਮੈਂ ਦੁਬਾਰਾ ਬਾਬਾ ਜਗਜੀਤ ਸਿੰਘ ਜੀ ਦਾ ਹਾਰਦਿਕ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਆਪਣੀ ਪ੍ਰੇਮ ਭਰੀ ਪ੍ਰੇਰਣਾ ਨਾਲ ਲੇਖਕ ਤੋਂ ਪ੍ਰਣ ਲੈ ਲਿਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ੀ ਹੋਈ ਬਲ-ਬੁੱਧੀ ਅਤੇ ਸੱਤਾ ਸਫੁਰਤੀ ਨਾਲ ਨਾਮਧਾਰੀ ਰਹਿਤ ਮਰਯਾਦਾ ਬਾਰੇ ਲਿਖਣ ਦਾ ਯਤਨ ਕੀਤਾ ਜਾਏਗਾ, ਇਹ ਖਰੜਾ ਮੈਂ ਜੂਨ ੧੯੫੫ ਤੱਕ ਹੀ ਮੁਕੰਮਲ ਕਰ ਸਕਿਆ ਹਾਂ।

ਲੇਖਕ ਸੰਤ ਨਿਧਾਨ ਸਿੰਘ 'ਆਲਿਮ'
ਜੂਨ ੧੯੫੫

## (੧) ਨਾਮ ਸਿਧਾਂਤ

ਸਿੱਖ ਪੰਥ ਦਾ ਮੁੱਢਲਾ ਅਤੇ ਸਰਬ ਸ਼੍ਰੋਮਣੀ ਸਿਧਾਂਤ ਹੈ 'ਨਾਮ'। ਸਮੂਹ ਸਿੱਖ ਸ਼੍ਰੇਣੀਆਂ ਅਤੇ ਸ੍ਰਿਸ਼ਟੀ ਭਰ ਦੇ ਭਗਤੀ ਪ੍ਰਧਾਨ ਪੰਥਾਂ ਵਿਚ ਹੀ ਇਸ ਦੀ ਮਾਨਤਾ, ਮਹੱਤਤਾ ਅਤੇ ਗੌਰਵ ਪ੍ਰਸਿੱਧ ਹੈ। ਜੇ ਇਹ ਗਲ ਕਹਿ ਦਿੱਤੀ ਜਾਏ ਕਿ 'ਨਾਮ' ਸ੍ਰਿਸ਼ਟੀ ਦੇ ਸਮੂਹ ਧਰਮਾਂ ਦੀ ਸਾਂਝੀ ਆਤਮਾ ਹੈ ਤਾਂ ਕੋਈ ਵਧੀਕੀ ਨਹੀਂ ਹੈ। ਸਿੱਖ ਧਰਮ ਦਾ ਤਾਂ ਇਹ ਪ੍ਰਵੇਸ਼ ਦੁਆਰ (ਐਂਟਰੀ ਗੇਟ) ਹੀ ਸਮਝਣਾ ਉਚਿੱਤ ਹੈ। ਹਰ ਮਨੁੱਖ (ਨਰ ਜਾਂ ਨਾਰੀ) ਨੂੰ ਸਿੱਖ ਬਨਣ ਵਾਸਤੇ ਸਭ ਤੋਂ ਪਹਿਲਾਂ ਨਾਮ ਧਾਰਨਾ ਜਰੂਰੀ ਹੈ। "ਗੁਰ-ਮੰਤ੍ਰ', "ਨਾਮ", "ਗੁਰ ਉਪਦੇਸ਼", "ਗੁਰ ਸ਼ਬਦ" ਅਤੇ "ਦੀਖਿਆ" ਆਦਿਕ ਸਾਰੇ ਸਬਦਾਂ ਦਾ ਅਰਥ ਇਕੋ ਹੈ। ਨਾਮ ਦੀ ਧਾਰਨਾ ਮਨੁੱਖ ਜਨਮ ਦੀ ਇਕ ਰੂਹਾਨੀ (Spiritual) ਲੋੜ ਹੈ, ਜਿਵੇਂ ਹਰ ਚੰਮ ਦੇ ਸਰੀਰ ਨੂੰ ਸਥਿਰ ਰੱਖਣ ਵਾਸਤੇ ਰੋਟੀ ਦੀ ਲੋੜ ਹੁੰਦੀ ਹੈ, ਤਿਵੇਂ ਹੀ ਅਧਿਯਾਤਮ ਸਰੀਰ ਨੂੰ ਸਥਿਰ ਰੱਖਣ ਲਈ ਨਾਮ ਰੂਪੀ ਭੋਜਨ ਦੀ ਲੋੜ ਹੁੰਦੀ ਹੈ। "ਸੰਤਾਂ" ਦੀ "ਨਾਮ ਭੁੱਖ" ਪ੍ਰਸਿੱਧ ਹੈ। ਨਾਮ ਦੀ ਭੁੱਖ ਨੂੰ ਦੂਰ ਕਰਨ ਵਾਲਾ - "ਨਾਮ ਕੀਰਤਨ ਅਤੇ ਦਰਸ਼ਨ" ਦਾ ਅਹਾਰ ਸਮੂਹ ਦੁੱਖਾਂ ਤੇ ਕਸ਼ਟਾਂ ਦਾ ਨਿਵਿਰਤਕ ਹੈ।

**"ਸਾਚੇ ਨਾਮ ਕੀ ਲਾਗੈ ਭੂਖ, ਉਤ ਭੂਖੇ ਖਾਇ ਚਲੀਅਹਿ ਦੂਖੁ"॥** (ਰਹਿਰਾਸ)

ਗੁਰੂ ਜੀ ਦਾ ਮਹਾਵਾਕ ਹੈ।

**"ਕਰ ਕਾਸਾ ਦਰਸ਼ਨ ਕੀ ਭੂਖ ਮੈ ਦਰਿ ਮਾਗਉ ਨੀਤਾ ਨੀਤ"।**

ਆਦਿ ਗੁਰੂ ਅਤੇ ਦਸਮ ਗੁਰੂ ਦੀ ਬਾਣੀ ਅੰਦਰ ਨਾਮ ਦੀ ਮਹਿਮਾ ਅਤੇ ਫਲ ਦਾ ਬੇਅੰਤ ਵਰਨਨ ਮੌਜੂਦ ਹੈ। ਨਾਮ ਜਪਣ ਵਾਲੇ ਸੰਤਾਂ, ਭਗਤਾਂ ਅਤੇ ਸਾਧੂਆਂ ਦੀ ਵਧੇਰੇ ਤੋਂ ਵਧੇਰੇ ਉਪਮਾਂ ਕੀਤੀ ਗਈ ਹੈ। ਨਾਮ ਨੂੰ ਅਨੇਕਾਂ ਵਿਸ਼ੇਸ਼ਣਾਂ ਦੁਆਰਾ ਸਨਮਾਨਦਿਆਂ ਹੋਇਆਂ ਉਸਦੀ ਮਹਾਨਤਾ ਦ੍ਰਿੜ ਕਰਾਣ ਦਾ ਪੂਰਾ ਪੂਰਾ ਯਤਨ ਕੀਤਾ ਗਿਆ ਹੈ। ਕੁਛ ਗੁਰਵਾਕ ਪਾਠਕਾਂ ਦੀ ਦਿਲ ਚਿਸਪੀ ਅਰਥ ਦਰਜ ਕੀਤੇ ਜਾਂਦੇ ਹਨ:-

1. **ਨਾਮ ਅੰਮ੍ਰਿਤ:-** ਅੰਮ੍ਰਿਤ ਜਨਮ ਮਰਣ ਤੋਂ ਰਹਿਤ ਕਰਾਉਣ ਵਾਲਾ ਇਕ ਰੁਹਾਨੀ ਪਦਾਰਥ ਮੰਨਿਆ ਗਿਆ ਹੈ। ਗੁਰੂ ਮਹਾਰਾਜ ਨੇ ਦੱਸਿਆ ਹੈ ਕਿ ਨਾਮ ਹੀ "ਅੰਮ੍ਰਿਤ" ਹੈ। ਯਥਾ:- ਮੁੰਦਾਵਲੀ ਮ: ੫

**(ੳ) "ਥਾਲ ਵਿਚਿ ਤਿੰਨ ਵਸਤੂ ਪਇਓ ਸਤ ਸੰਤੋਖ ਵੀਚਾਰੋ।**
**ਅੰਮ੍ਰਿਤ ਨਾਮ-ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ"।**
**(ਅ) "ਅੰਮ੍ਰਿਤ ਨਾਮ ਨਿਧਾਨੁ ਹੈ, ਮਿਲਿ ਪੀਵਹੁ ਭਾਈ।"**

(ਗਉੜੀ ਕਾ ਵਾਰ ਮ: ੫)

(ੲ) - "**ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ।"**
(ਸ) - **"ਅੰਮ੍ਰਿਤ ਪ੍ਰਿਅ ਕਾ ਨਾਮ ਹੈ ਅੰਧੁਲੇ ਟੋਹਨੀ।"** (ਬਿਲਾਵਲ ਮ: ੫)

2. **ਨਾਮ ਰਤਨ:-** "ਰਤਨ" ਇਕ ਵੱਡਮੁਲੀ ਸ਼ੈ ਹੁੰਦੀ ਹੈ। ਫ਼ਾਰਸੀ ਵਿਚ ਇਸ ਨੂੰ ਜਵਾਹਰ ਆਖ ਕੇ ਗੁਰੂ ਮਹਾਰਾਜ ਪ੍ਰਮੇਸ਼ਰ ਦੇ ਨਾਮ ਨੂੰ ਅਮਲੋਕ ਰਤਨ ਕਹਿ ਕੇ ਸਨਮਾਨਦੇ ਹਨ:-

**"ਰਤਨ ਪਦਾਰਥ ਹਰਿ ਨਾਮ ਤੁਮਾਰਾ ਜੀਉ।**
**ਸੱਚਾ ਸਾਹੁ ਭਗਤ ਵਣਜਾਰਾ ਜੀਉ।"** (ਹਉੜੀ ਮ: ੫)

(ਅ)-**"ਅੰਤਰਿ ਅਲਖੁ ਨਾ ਜਾਈ ਲਖਿਆ ਨਾਮ ਰਤਨ ਲੈ ਗੂਝਾ ਰਖਿਆ।**
**ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ।"**

(ਮਾਝ ਅਸ਼ਟਪਦੀਆਂ ਮ: ੫)

3 **ਨਾਮ ਤੋਸ਼ਾ:-** 'ਤੋਸ਼ਾ' ਫਾਰਸੀ ਪਦ ਹੈ। ਇਸ ਨੂੰ 'ਜ਼ਾਦਿ ਰਾਹ' ਵੀ ਆਖਦੇ ਹਨ, ਜਿਸਦਾ ਅਰਥ ਹੈ ਸਫ਼ਰਖ਼ਰਚਾ। ਗੁਰੂ ਜੀ ਕਹਿੰਦੇ ਹਨ ਕਿ ਇਸ ਦੁਨਿਆਵੀਂ ਸਫ਼ਰ ਵਾਸਤੇ ਤੇ ਲੋਕ ਰਸਤੇ ਦਾ ਖ਼ਰਚੇ ਦਾ ਪੱਲੇ ਬੰਨ੍ਹ ਕੇ ਤੁਰਦੇ ਹਨ, ਪ੍ਰਲੋਕ ਦੇ ਸਫ਼ਰ ਵਾਸਤੇ ਕੋਈ ਤੋਸ਼ਾ ਤਿਆਰ ਨਹੀਂ ਕੀਤਾ ਜਾਂਦਾ। ਸੋ ਜਿਸ ਮਾਰਗ ਦੇ ਕੋਹਾਂ ਦੀ ਕੋਈ ਗਿਣਤੀ ਵੀ ਨਹੀਂ, ਉਸ ਵਾਸਤੇ ਨਾਮ-ਤੋਸ਼ੇ ਦੀ ਲੋੜ ਹੈ:-

**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ।**
**ਹਰਿ ਕਾ ਨਾਮ ਊਹਾ ਸੰਗ ਤੋਸਾ।**

(ਸੁਖਮਨੀ)

**ਨਾਮ ਚਾਨਣ:- "ਜਿਹ ਪੈਡੈ ਮਹਾ ਅੰਧ ਗੁਬਾਰਾ।**
**ਹਰ ਕਾ ਨਾਮ ਸੰਗਿ ਉਜਿਆਰਾ"।**

**4 ਮਹਾਰਾਸ:- "ਨਾਮ ਮਹਾ ਰਸ ਪੀਉ;"**
**5 ਰਸਾਇਣ:- "ਨਾਮ ਰਸਾਇਣ ਜੋ ਰਤੇ ਨਾਨਕ ਸੱਚ ਅਮਲੀ।"**
**6 ਨਾਮ ਧਨੁ:- ਏਕੋ ਨਿਹਚਲ ਨਾਮੁ ਧਨੁ ਹੋਰ ਧਨੁ ਆਵੈ ਜਾਇ।**
**ਇਸ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ"।**

(ਗੁਜਰੀ ਵਾਰ ਮ: ੩)

7 **ਦਾਰੂ-ਅਉਖਦ :- "ਸੰਸਾਰ ਰੋਗੀ ਨਾਮ ਦਾਰੂ।"**
**"ਸਰਬ ਰੋਗ ਕਾ ਅਉਖਦੁ ਨਾਮ ਕਲਿਆਣ ਰੂਪ ਮੰਗਲ ਗੁਣ ਗਾਮ।"**

(ਗਉੜੀ ਮ: ੫)

8 **ਵੱਖਰਾ-ਸੌਦਾ:-"ਸਚੁ ਵਖਰੁ ਧਨੁ ਨਾਮ ਹੈ ਘਟਿ ਘਟਿ ਗਹਿਰ ਗੰਭੀਰ।"**

(ਸਿਰੀ ਰਾਗ ਮ: ੧)

9 **ਨਾਮ ਬੀਜ :- "ਨਾਮ ਬੀਜ ਸੰਤੋਖ ਸੁਹਾਗਾ ਰਖ ਗਰੀਬੀ ਵੇਸ।"**

(ਸੋ: ਮ: ੧)

10 **ਨਾਮ ਗਹਿਣਾ:- "ਜਨ ਨਾਨਕ ਨਾਮ ਅੰਤ ਵਾ ਗਹਿਣਾ।"**

11 **ਨਾਮ ਖ਼ਜਾਨਾ:- "ਹਮ ਘਰਿ ਨਾਮ ਖ਼ਜਾਨਾ ਸਦਾ ਹੈ ਭਗਤਿ ਭਰੇ ਭੰਡਾਰਾ।"**

(ਸੋ: ਮ:੩)

12 **ਨਾਮ ਮੰਤ੍ਰ :- "ਸਰਬ ਕਲਾ ਸੋਈ ਪਰਬੀਨ। ਨਾਮ ਮੰਤ੍ਰ ਜਾ ਕਉ ਗੁਰ ਦੀਨ।"**

(ਕਾਨੜਾ ਮ:੫)

13 **ਨਾਮ ਵਪਾਰ :-"ਸਤਿਗੁਰ ਸੇਵੀਐ ਆਪਣਾ ਪਾਈਐ ਨਾਮੁ ਅਪਾਰੁ।**
**ਭਉ ਜਲਿ ਡੁਬਇਆ ਕਢਿ ਲਏ ਹਰਿ ਦਾਤਿ ਕਰੇ ਦਾਤਾਰੁ।**
**ਧੰਨੁ ਧੰਨੁ ਸੇ ਸਾਹ ਹੈ ਜਿ ਨਾਮੁ ਕਰਹਿ ਵਾਪਾਰੁ ।**
**ਵਣਜਾਰੇ ਸਿਖ ਆਵਦੇ ਸਬਦਿ ਲਘਾਵਣ ਹਾਰ।"**

(ਗਉੜੀ ਕੀ ਵਾਰ ਮ: ੫)

14 **ਗੁਰ ਮੰਤ੍ਰ :- "ਗੁਰ ਮੰਤ੍ਰ ਹੀਣ ਸੁ ਜੋ ਪ੍ਰਾਣੀ ਧ੍ਰਿਗੰਤ ਜਨਮ ਭਸ਼ਟਣਹ।**
**ਕੂਕਰਹ, ਗਰਧਪਹ, ਕਾਕਹ, ਸਰਪ, ਨਹ ਤੁਲਿ ਖਲਹ।"**

**ਗੁਰ ਮੰਤ੍ਰ ਦੇਣ ਦਾ ਤਰੀਕਾ :-** 'ਮੰਤ੍ਰ' ਸ਼ਬਦ ਅਤਿ ਵਿਆਪਤੀ ਦੋਸ਼ ਕਰਕੇ ਯੁਕਤ ਹੈ। ਦੇਵੀ, ਦੇਵਤਿਆਂ, ਠੂਹਿਆ, ਸੱਪਾਂ ਅਤੇ ਕੰਨਖਜੂੰਰਿਆਂ ਆਦਿ ਦੇ ਉਤੇ ਵੀ ਇਹ ਲਾਗੂ ਹੁੰਦਾ ਹੈ। ਪਰ 'ਗੁਰਮੰਤ੍ਰ' ਅਕਾਲ ਪੁਰਖ ਦਾ ਮੰਤ੍ਰ ਹੋਣ ਕਰਕੇ ਸਰਵੋਪਰੀ ਹੈਸੀਅਤ ਦਾ ਮਾਲਿਕ ਹੈ। ਦਸਵੇਂ ਪਾਤਸ਼ਾਹ ਨੇ ਕਿਹਾ ਹੈ- "ਨਮੋਮੰਤ੍ਰ ਮੰਤ੍ਰੇ" (ਅਕਾਲ ਉਸਤਤਿ)। ਨਾਮ ਯਾ ਗੁਰਮੰਤ੍ਰ ਦੇਣ ਦੀ ਗੁਰਮਰਯਾਦਾ ਜੋ ਪਰੰਪਰਾ ਤੋਂ ਇਹ ਚਲੀ ਆਈ ਹੈ ਕਿ ਗੁਰਮੰਤ੍ਰ ਅਭਿਲਾਖੀ ਪੁਰਸ਼ ਸੰਤਾਂ ਸਤਿਗੁਰਾਂ ਦੇ ਚਰਨਾਂ ਵਿਚ ਪੁਜ ਕੇ ਉਹਨਾਂ ਤੋਂ ਨਾਮ ਦੀ ਜਾਚਨਾਂ ਕਰਦਾ ਹੈ ਤਾਂ ਮਹਾਂਪੁਰਖ ਉਸ ਦੇ ਸਿਰ ਤੇ ਹੱਥ ਧਰ ਕੇ ਕੰਨਾਂ ਵਿਚ ਨਾਮ ਦੱਸ ਦਿੰਦੇ ਹਨ:-

**"ਸੇ ਮਥੇ ਨਿਹਚਲ ਰਹੇ ਜਿਨੀ ਗੁਰਿ ਧਰਿਆ ਹਥ।**
**ਧੁਰਿ ਅੰਮ੍ਰਿਤ ਨਾਮ ਪਿਆਲਿਆ ਜਨਮ ਮਰਨ ਕਾ ਪਥ।"**
**"ਮਨਹਿ ਪ੍ਰਗਾਸੁ ਭਇਓ ਭ੍ਰਮ ਨਾਸਿਓ ਮੰਤ੍ਰ ਦੀਓ ਗੁਰ ਕਾਨ।"**

(ਕਾਨੜਾ ਮ: ੫)

ਇਸ ਨਾਮ ਮੰਤ੍ਰ ਦੀ ਫੂਕ ਜਦ ਸ੍ਰੀ ਗੁਰੂ ਕਲਗੀਧਰ ਜੀ ਨੇ ਬੈਰਾਗੀ ਬਾਬੇ ਮਾਧੋ ਦਾਸ ਦੇ ਕੰਨ ਵਿਚ ਮਾਰੀ ਤਾਂ ਉਸਦੀ ਕਾਇਆ ਹੀ ਪਲਟ ਗਈ ਸੀ।ਇਸ ਦਾ ਵਰਨਣ ਸੱਚ ਖੰਡ ਨਿਵਾਸੀ ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਏ (ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਵੱਡੇ ਗ੍ਰੰਥੀ) ਦੀ ਰਚਨਾ- ਬਾਬਾ ਬੰਦਾ ਬਹਾਦੁਰ ਵਿਚ ਇਉਂ ਹੈ।

**ਭਾਂਡਾ ਹੈ ਪੂਰਾ ਗੁਰਾਂ ਦੇਖ ਲਿਆ, ਜਪ ਵਾਹਿਗੁਰੂ ਨਾਮ ਸੁਣਾ ਦਿੱਤਾ ।**
**ਬੂੰਦ ਆਤਮਾ ਰਸ ਦੀ ਡਿਗਦੀ ਨੂੰ ਵਿਚ ਗੋਸ਼ ਸਦੱਫ਼ ਦੇ ਪਾ ਦਿੱਤਾ।**
**ਕੜ੍ਹਿਆਂ ਦੁੱਧ ਸੀ ਸੋਧ ਮੁਸ਼ੱਕਤਾਂ ਦਾ ਜਾਗ ਨਾਮ ਦੀ ਲਾ ਜਮਾ ਦਿੱਤਾ।**
**ਨਜ਼ਰ ਕੀਮੀਆਂ ਸੰਤ ਮਹਾਤਮਾ ਦੀ ਸੋਨਾ ਲੋਹੇ ਤੋਂ ਝੱਟ ਬਣਾ ਦਿੱਤਾ।**
**ਦੌਲਤ ਲਾ ਜਵਾਲ ਦੀ ਹੱਥ ਦੇ ਕੇ ਭੁਖਾ ਜਨਮ ਦਾ ਸ਼ਾਹ ਬਣਾ ਦਿੱਤਾ।**
**ਦਯਾ ਦ੍ਰਿਸ਼ਟਿ ਦੇ ਨਾਲਿ ਹੀ ਸੰਤ ਕੀਤਾ, ਕਾਲੇ ਕਾਗ ਦਾ ਰੂਪ ਵਟਾ ਦਿੱਤਾ।**
**ਸਿੱਧਾ ਪਹੁੰਚ ਜਾ ਸਤਵੀਂ ਭੂਮਕਾ ਨੂੰ ਗੁਰਾਂ ਹੱਕ ਦਾ ਰਾਹ ਦਿਖਾ ਦਿੱਤਾ।**

**ਗੰਢ ਖੋਲ ਕੇ ਜਨਮ ਜਨਮਾਂਤ੍ਰਾਂ ਦੀ ਨਾਲ ਆਤਮਾ ਜੋੜ ਜੁੜਾ ਦਿੱਤਾ।**
**ਕਰ ਚਾਨਣਾਂ ਹਿਤ ਦੀ ਕੋਠੜੀ ਨੂੰ ਦੀਵਾ ਹੱਥ ਗਿਆਨ ਫੜਾ ਦਿੱਤਾ।**
**ਫੂਕ ਕੰਨ ਦੇ ਵਿਚ ਅਜੇਹੀ ਮਾਰੀ ਬੰਦਾ ਗਿੱਦੜੋਂ ਸ਼ੇਰ ਬਣਾ ਦਿੱਤਾ**
**ਨਦਰੀ ਨਦਰ ਨਿਹਾਲ ਕਰਤਾਰ ਸਿੰਘਾ ਦੂਜਾ ਸ਼ਮ੍ਹਾ ਥੀਂ ਸ਼ਮ੍ਹਾ ਜਗਾ ਦਿੱਤਾ।**

ਗਿਆਨੀ ਜੀ ਸਾਫ ਲਿਖਦੇ ਹਨ ਕਿ ਸ੍ਰੀ ਕਲਗੀਧਰ ਜੀ ਨੇ ਆਤਮ ਰਸ ਦੀ ਬੂੰਦ ਬੈਰਾਗੀ ਦੇ ਕੰਨ ਰੂਪ ਸਿੱਧ ਵਿਚ ਪਾ ਦਿੱਤੀ। ਭਾਵ ਗੁਰ ਮੰਤ੍ਰ ਦੇ ਕੇ ਆਪਣਾ ਬੰਦਾ ਬਣਾ ਲਿਆ।

**ਮੰਤ੍ਰ ਪਦ :–** 'ਮੰਤ੍ਰ' ਸੰਸਕ੍ਰਿਤੀ ਸਦਾ ਸਬਦ ਹੈ ਜੋ 'ਮਤ੍ਰੀ' ਧਾਤੂ ਤੋਂ ਸਿੱਧ ਹੁੰਦਾ ਹੈ ਅਤੇ ਗੁਪਤ ਭਾਸ਼ਣ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਸ ਦਾ ਸਬੰਧ ਅਧਿਕਾਰੀ ਨਾਲ ਕਰਕੇ ਵੀ ਇਸਦੇ ਗੁਪਤ ਦੱਸਣ ਦਾ ਵਿਧਾਨ ਚਲਾ ਆਇਆ ਹੈ। ਇਹ ਇਕ ਲੌਕਿਕ ਬਾਰਤਾ ਹੈ ਕਿ ਜਦ ਕਿਸੇ ਨੇ ਕਿਸੇ ਨੂੰ ਕੋਈ ਰਾਜ਼ ਦੀ ਗਲ ਸੁਣਾਣੀ ਹੋਵੇਂ ਤਾਂ ਉਹ ਕਹਿੰਦਾ ਹੈ – ਸਜੱਣਾਂ ਗਲ ਪਰਦੇ ਵਾਲੀ ਹੈ ਨੇੜੇ ਹੋ ਕੇ ਸੁਣ। ਉਹ ਨੇੜੇ ਆ ਜਾਵੇ ਤਾਂ ਕਹਿੰਦਾ ਹੈ, ਬੀਰ ! ਗੱਲ ਕੰਨ ਵਿਚ ਸੁਣਨ ਵਾਲੀ ਹੈ। ਭਾਵੇਂ ਦੂਰੋਂ ਵੀ ਕੰਨਾਂ ਨਾਲ ਸੁਣੀਦਾ ਸੀ ਪਰ ਗਲ ਦੇ ਸੁਣਨ ਸੁਣਨ ਵਿਚ ਭੇਤ (Secracy) ਹੈ।ਪ੍ਰਭਾਤੀ ਰਾਗ ਵਿਚ ਸ੍ਰੀ ਗੁਰੂ ਦੇ ਦੇਵ ਜੀ ਨੇ ਕਿਹਾ ਹੈ

**"ਗੁਪਤਾ ਨਾਮ ਵਰਤੈ ਵਿਚਿ ਕਲਿਜੁਗ"**

**ਨਾਮ ਕਿੱਥੋਂ ਮਿਲਦਾ ਹੈ ? :–** ਹਰ ਸ਼ੈ ਦਾ ਕੋਈ ਨਾ ਕੋਈ ਸਥਾਨ ਹੁੰਦਾ ਹੈ, ਜਿੱਥੋਂ ਉਹ ਪ੍ਰਾਪਤ ਹੋ ਸਕੇ। ਨਾਮ ਅੰਮ੍ਰਿਤ ਦੇ ਭੰਡਾਰ ਸਤਿਗੁਰੂ ਸੱਚੇ ਪਾਤਸ਼ਾਹ ਹਨ:–

**(ੳ) ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮਰਾਜੇ ॥**
**(ਅ) ਹਿਰਦੈ ਨਾਮੁ ਸਰਬ ਧਨੁ ਧਾਰਣੁ ਗੁਰ ਪਰਸਾਦੀ ਪਾਈਐ॥**

(ਭੈਰਉ ਮ: ੫)

**"ਜਿਸੁ ਵਖਰ ਕਉ ਲੈਣ ਤੂੰ ਆਇਆ।**
**ਰਾਮ ਨਾਮੁ ਸੰਤਨ ਘਰਿ ਪਾਇਆ॥ "**

(ਸੁਖਮਨੀ)

**(ੲ) ਬਿਨੁ ਦਾਤੇ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮੁ ਦੇਇ ਅਧਾਰੁ**
**ਗੁਰ ਕਿਰਪਾ ਤੇ ਨਾਉ ਮਨਿ ਵਸੈ ਸਦਾ ਰਹੈ ਉਰਧਾਰਿ॥**

(ਸਲੋਕ ਮਹਲਾ ੩)

**(ਸ) ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ**
**ਕਰਿ ਸੇਵਾ ਸਤਿਗੁਰ ਆਪੁਨੇ ਕੀ ਗੁਰ ਤੇ ਪਾਈਐ ਪਾਲੈ**

(ਗਉੜੀ ਮ:੫)

ਨਾਮਧਾਰੀ ਪੰਥ ਵਿਚ ਇਹ ਵਿਧਾਨ ਪ੍ਰਚਲਿਤ ਹੈ ਕਿ ਸਤਿਗੁਰੂ ਵਲੋਂ ਟਿੱਕੇ ਹੋਏ ਸੰਤ, ਸਾਧ ਅਤੇ ਸੂਬੇ ਨਾਮ ਦਿੰਦੇ ਹਨ।

**ਨਾਮ ਦਾ ਵਾਸਾ:–** ਨਾਮ ਦਾ ਵਾਸ ਪੰਚ ਭੂਤਕ ਨਗਰੀ ਵਿਚ ਹੈ। ਇਹ ਕਾਇਆਂ ਰੂਪ ਕਿਲਾ ਹੀ 'ਹਰਿਮੰਦਰ' ਹੈ। ਪਰ ਹੈ ਅਗਿਆਨ ਦੇ ਜੰਦਰੇ ਅੰਦਰ ਬੰਦ। ਇਸ ਲਈ ਹੁਕਮ ਆਇਆ ਹੈ।

**ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਈ।**
**ਹਰਿ ਕਾ ਮੰਦਰ ਆਖੀਐ ਕਾਇਆ ਕੋਟੁ ਗੜੁ**
**ਅੰਦਰ ਲਾਲ ਜਵੇਹਰੀ ਗੁਰਮਖਿ ਹਰਿ ਨਾਮੁ ਪੜੁ**

(ਰਾਮ ਕਲੀ ਕੀ ਵਾਰ ਮ: ੩)

**"ਗੁਰਮਤ ਨਗਰੀ ਖੋਜ ਖੁਜਾਈ। ਹਰਿ ਹਰਿ ਨਾਮੁ ਪਦਾਰਥ ਪਾਈ। "**

(ਸੂਹੀ ਮ:੪)

**ਨਾਮ ਦਾ ਫਲ:-** ਗੁਰੂ ਦੁਆਰਾ ਨਾਮ ਜਪਣ ਦਾ ਫਲ ਉਸੇ ਹਉਮੈ ਦੀ ਨਿਦਵਿਰਤੀ ਹੈ। ਜਿਸ ਨੂੰ ਗੁਰੂ ਜੀ ਨੇ "ਦੀਰਘ ਰੋਗ" ਅਤੇ ਬੰਧਨ ਰੂਪ ਧਾਰਕੇ ਵਰਨਿਆਂ ਹੈ। ਵਰਤਮਾਨ ਗੁਰੂ ਦੀ ਅਗਵਾਈ ਵਿਚ ਜਪਿਆ ਹੋਇਆ ਨਾਮ ਲੋਕ-ਪ੍ਰਲੋਕ ਵਿਚ ਨਿਸਤਾਰਾ ਕਰਦਾ ਹੈ ।

**ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ ਪਾਵੈ ਕੋਇ।**
**ਹਉਮੇਂ ਮਮਤਾ ਨਾਸ ਹੋਇ ਦੁਰਮਤਿ ਕਢੈ ਧੋਇ।** (ਕਾਨੜਾ ਵਾਰ ਮ: ੪)
**ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲ ਹਰਿ ਨਾਮੁ ਪਰਵਾਰਾ।**
**ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰ ਦੀਆ ਹਲਤਿ ਪਲਤਿ ਸਦਾ ਕਰੇ ਨਿਸਤਾਰਾ।**
(ਵਡਹੰਸ ਕੀ ਵਾਰ ਮ: ੪)

**ਨਾਮ ਅਤੇ ਬਾਣੀ:-** ਬਾਣੀ ਅਤੇ ਨਾਮ ਦਾ ਵਿਸ਼ੇਸਣ ਵਿਸ਼ੇਸ ਭਾਵ ਸਬੰਧ ਹੈ। ਬਾਣੀ ਵਿਸ਼ੇਸ਼ਣ ਹੈ ਤੇ ਨਾਮ ਵਿਸ਼ੇਸ਼ਯ। ਬਾਣੀ ਨਾਮ ਦੀ ਸਿਫਤ ਤੇ ਨਾਮ ਉਸਦਾ ਮੌਸੂਫ਼। ਸੋ ਸਿਫਤ ਦੀ ਪੁਜ਼ੀਸ਼ਨ ਆਪਨੇ ਥਾਂ ਮਹਾਨ ਹੈ ਅਤੇ ਮੌਸੂਫ਼ ਦੀ ਆਪਣੀ ਥਾਂ । ਇਕ ਛੋਟੀ ਜਿਹੀ ਉਦਾਹਰਨ ਨਾਲ ਇਸ ਗਲ ਦੀ ਸਮਝ ਸੌਖੀ ਹੀ ਆ ਜਾਵੇਗੀ। ਕਿਸੇ ਪੁਰਸ਼ ਨੇ ਦੋ ਬੰਦਿਆਂ ਦੇ ਸਾਹਮਣੇ ਕਿਹਾ ਕਿ "ਖੰਡ ਮਿੱਠੀ ਹੁੰਦੀ ਏ"। ਇਹ ਸੁਣ ਕੇ ਇਕ ਨੇ ਤਾਂ ਇਹ ਰੱਟਣਾ ਸ਼ੁਰੂ ਕਰ ਦਿੱਤਾ ਕਿ ਖੰਡ ਮਿੱਠੀ ਹੁੰਦੀ ਏ, ਖੰਡ ਮਿੱਠੀ ਹੁੰਦੀ ਏ, ਖੰਡ ਮਿੱਠੀ ਹੁੰਦੀ ਏ। ਕਈ ਦਿਨ ਤਕ ਇਸ ਤੁਕ ਦਾ ਪਾਠ ਕਰਦਾ ਰਿਹਾ, ਪਰ ਖੰਡ ਦਾ ਸੁਵਾਦ ਨਾ ਪ੍ਰਾਪਤ ਕਰ ਸਕਿਆ। ਦੂਜਾ ਪ੍ਰੇਮ ਪੂਰਵਕ ਸੁਣਨ ਉਪਰੰਤ ਦੌੜਿਆ ਦੁਕਾਨ ਤੇ ਗਿਆ, ਪੈਸੇ ਖਰਚੇ ਤੇ ਖੰਡ ਖਰੀਦੀ। ਇਕ ਚੁਟਕੀ ਜੁਬਾਨ ਤੇ ਰੱਖ ਕੇ ਮਸਤਾਨਾ ਹੋ ਗਿਆ। ਇਸ ਤੇ ਭਾਈ ਗੁਰਦਾਸ ਜੀ ਨੇ ਇਕ ਬੜਾ ਸੁੰਦਰ ਕਬਿਤ ਕਿਹਾ ਹੈ:-

**ਖਾਂਡ ਖਾਂਡ ਕਹੇ ਜੀਭਾ ਮੀਠੋ ਨ ਸਵਾਦ ਆਵੈ।**
**ਅਗਨ ਅਗਨ ਕਹੈ ਸੀਤ ਨ ਬਿਨਾਸ ਹੈ।**
**ਬੈਦ ਬੈਦ ਕਹੈ ਰੋਗ ਮਿਟਤ ਕਾਹੂੰ ਕੋ ਨਾਹਿ।**
**ਦਰਬ ਦਰਬ ਕਹੈ ਕੋਊ ਦਰਬੈ ਨ ਹਿਲਾਸ ਹੈ।**
**ਚੰਦਨ ਚੰਦਨ ਕਹੈ ਪ੍ਰਗਟੈ ਨਾ ਸੁਬਾਸ ਬਾਸ ।**
**ਚੰਦ-ਚੰਦ ਕਹੈ ਉਜੀਆਰੋ ਨ ਪ੍ਰਕਾਸ਼ ਹੈ।**

ਤਾਂਤੇ ਬਾਣੀ ਕਥਨੀ ਹੈ ਅਤੇ ਨਾਮ ਹੈ ਕਰਣੀ, ਪਰ

**ਕਥਨੀ ਕਹਿ ਭਰਮੁ ਨ ਜਾਈ। ਸਭ ਕਥਿ ਕਥਿ ਰਹੀ ਲੁਕਾਈ।**
(ਕਬੀਰ ਜੀ)

ਇਸ ਤੋਂ ਛੁਟ ਜੇ ਬਾਣੀ ਨੂੰ ਹੀ ਨਾਮ ਮੰਨ ਲਿਆ ਜਾਵੇ ਤਾਂ ਨਿਰਅੱਖਰ ਪੁਰਸ਼ ਨਾਮ ਤੋਂ ਵਾਂਝਿਆ ਰਹਿ ਜਾਵੇਗਾ ਪਰ ਗੁਰੂ ਜੀ ਦਾ ਮਤ ਹੈ ਕਿ-

**ਜੋ ਪ੍ਰਾਣੀ ਗੋਬਿੰਦੁ ਧਿਆਵੈ, ਪੜਿਆ ਅਨਪੜਿਆ ਪਰਮ ਗਤਿ ਪਾਵੈ।**

ਬਾਣੀ ਉੱਚੀ ਹੈ, ਸੁੱਚੀ ਹੈ, ਗੁਰੂਆਂ ਦੁਆਰਾ ਪ੍ਰਗਟ ਹੋਈ, ਧੁਰੋਂ ਵੀ ਆਈ ਹੈ। ਉਸ ਦਾ ਪਾਠ ਜਰੂਰੀ ਹੈ, ਕੀਰਤਨ ਆਵੱਸ਼ਕ ਹੈ। ਪਰ ਉਸੇ ਵਿਚ ਆਏ ਹੋਏ ਆਦੇਸ਼ ਅਨੁਸਾਰ ਨਾਮ ਦੀ ਦਾਤ ਦਾਤਾਰ ਗੁਰੂ ਤੋਂ ਪ੍ਰਾਪਤ ਕਰਕੇ ਉਸਦਾ ਅਭਿਆਸ ਕਰਨਾ ਇਸ਼ਟ ਹੈ।

## (੨) ਗੁਰੂ ਕਾ ਮਸਲਾ

ਨਾਮਧਾਰੀ ਮੂਲਕ ਸਿਧਾਂਤਾ ਵੱਜੋਂ ਦੂਜਾ ਮਸਲਾ ਦੇਹਧਾਰੀ ਗੁਰੂ ਦਾ ਹੈ। ਦੇਹ ਤੋਂ ਭਾਵ ਮਨੁੱਖ ਰੂਪ ਧਾਰੀ ਸਤਿਗੁਰੂ ਹੈ ਕਿਉਂਕਿ "ਗੁਰੂ" ਯਾ "ਸਤਿਗੁਰੂ" ਦੇ ਲੱਛਣ ਮਾਨਸ ਮੂਰਤ ਮਹਾਂਪੁਰਖ ਤੇ ਹੀ ਘੱਟਦੇ ਹਨ। ਜਦ ਤੋਂ ਵੀ ਮਨੁੱਖ ਨੂੰ ਪਰਮ ਪਦ ਤਕ ਰਸਾਈ ਕਰਨ ਦੀ ਲੋੜ ਮਹਿਸੂਸ ਹੋਈ ਤਦ

ਤੋਂ ਹੀ ਦੇਹਧਾਰੀ ਗੁਰੂ ਦੀ ਚਰਨ ਸ਼ਰਨ ਹੋਣਾ ਵੀ ਜਰੂਰੀ ਸਮਝਿਆ ਗਿਆ। ਸ੍ਰੀ ਨਾਰਦ ਮੁਨੀ, ਸ੍ਰੀ ਬਿਆਸ ਜੀ ਅਤੇ ਸਨਾਤਨ ਕਾਲ ਦੇ ਹੋਰ ਅਨੇਕਾਂ ਰਿਖੀਆਂ ਮੁਨੀਆਂ ਨੂੰ ਬੇਧ ਬੇਤੇ ਅਤੇ ਸ਼ਾਸ਼ਤ੍ਰਗ ਹੁੰਦਿਆਂ ਹੋਇਆ ਵੀ ਪਰਮ ਸ਼ਾਂਤੀ ਦੀ ਪ੍ਰਾਪਤੀ ਵਾਸਤੇ ਮਾਨਸ ਮੂਰਤ ਸਤਿਗੁਰਾਂ ਦੀ ਚਰਨ ਸ਼ਰਨ ਹੋਣਾ ਹੀ ਪਿਆ। ਗੁਰਬਾਣੀ ਵਿਚੋਂ ਇਸ ਦੀ ਤਸਦੀਕ (Verification) ਨਿਮਿਤ ਕੁਛ ਪ੍ਰਮਾਣ ਪਾਠਕਾਂ ਦੇ ਦ੍ਰਿਸ਼ਟ ਗੋਚਰ ਕੀਤੇ ਜਾਂਦੇ ਹਨ:-

**(੧) ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।**
**ਪੂਛਹ ਬ੍ਰਹਮੈ ਨਾਰਦੈ ਬੇਦ ਬਿਆਸੈ ਕੋਇ।**

(ਸਿਰੀ ਰਾਗ ਅਸ਼ਟਪਦੀਆ ਮ:੧)

**(੨) ਗੁਰਮਖਿ ਪਹ੍ਰਲਾਦਿ ਜਪਿ ਹਰਿ ਗਤਿ ਪਾਈ।**
**ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ।**
**ਗੁਰਮੁਖਿ ਬਿਸਿਸਟਿ ਹਰਿ ਉਪਦੇਸੁ ਸੁਣਾਈ।**

(ਰਾਮਕਲੀ ਵਾਰ ਮ:੪ ਪਉੜੀ ੩)

**(੩) ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ।**
**ਸਤਿਗੁਰੁ ਭੇਟੀਐ ਨਿਰਮਲੁ ਹੋਆ ਅਨਦਿਨ ਨਾਮ ਵਿਖਾਣੈ।**

(ਸਿਰੀ ਰਾਗ ਮ: ੩ ਪੰਨਾ ੬੭)

**(੪) ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ।**
**ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੇ ਜਾਤਿ ਗਵਾਈ।**
**ਸੁਰਿ ਨਰ ਤਿਨਕੀ ਬਾਣੀ ਗਾਵਹਿ ਕੋਈ ਨ ਮੇਟੈ ਭਾਈ।**

(ਸਿਰੀ ਰਾਗ ਮ:੩ ਪੰ: ੬੭)

**(੫) ਧੰਨੈ ਸੇਵਿਆ ਬਾਲ ਬੁਧਿ। ਤ੍ਰਿਲੋਚਨ ਗੁਰ ਮਿਲਿ ਭਈ ਸਿਧਿ।**
**ਬੇਣੀ ਕਉ ਗੁਰ ਕੀਓ ਪਰਗਾਸੁ। ਰੇ ਮਨ ਤੂ ਭੀ ਹੋਹਿ ਦਾਸੁ।**

(ਬਸੰਤ ਆਸਾ ਮ: ੫, ਪੰ: ੧੧੯੨)

ਪੂਰਵੋਕਤ ਗੁਰ ਪ੍ਰਮਾਣਾਂ ਤੋਂ ਦੋ ਗਲਾਂ ਸਾਫ ਤੌਰ ਤੇ ਸਿੱਧ ਹੁੰਦੀਆਂ ਹਨ। ਪਹਿਲੀ ਇਹ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਕਲਿਜੁਗ, ਦੁਆਪਰ, ਤ੍ਰੇਤਾ ਅਰ ਸਤਿਜੁਗ ਵਿਚ ਵੀ ਗੁਰੂ ਹੋਇ ਹਨ ਅਤੇ ਦੂਜੀ ਇਹ ਕਿ ਸੁਕਦੇਵ, ਸ੍ਰੀ ਨਾਰਦ ਮੁਨਿ, ਅਤੇ ਬਿਆਸ ਜੀ ਜੈਸੇ ਬੇਦ ਬੇਤਿਆਂ, ਸ਼ਾਸਤ੍ਰੱਗਾਂ ਤੇ ਵਿਸਵਾਨਾਂ ਤੋਂ ਲੈ ਕੇ ਧਰੂ, ਪ੍ਰਹਿਲਾਦ, ਨਾਮਦੇਵ ਅਤੇ ਧੰਨੇ ਆਦਿਕ ਅਨਪੜ੍ਹ ਬੱਚਿਆਂ ਤੱਕ ਦੇਹਧਾਰੀ ਗੁਰੂਆਂ ਦੁਆਰਾ ਹੀ ਕ੍ਰਿਤ ਕ੍ਰਿਤ ਹੋ ਕੇ ਪਰਮਪਦ ਨੂੰ ਪ੍ਰਾਪਤ ਹੋਏ। ਇਥੋਂ ਤੱਕ ਕਿ ਸ੍ਰੀ ਰਾਮ ਚੰਦ੍ਰ ਜੀ ਅਤੇ ਭਗਵਾਨ ਕ੍ਰਿਸ਼ਨ ਜੈਸੀਆਂ ਅਵਤਾਰ ਵਿਅਕਤੀਆਂ ਨੂੰ ਵੀ ਤੱਤ ਗਿਆਨ ਪ੍ਰਾਪਤ ਕਰਨ ਦੇ ਉਦੇਸ ਨਾਲ ਦੇਹਧਾਰੀ ਗੁਰੂਆਂ ਦੀ ਹੀ ਚਰਨ ਸ਼ਰਨ ਹੋਣਾ ਪਿਆ। ਗੁਰਬਾਣੀ ਦੇ ਪਾਠ ਕਰਨ ਨਾਲ ਸਿੱਧ ਹੁੰਦਾ ਹੈ ਕਿ ਗੁਰੂ ਦੀ ਰਸਨਾ ਹੁੰਦੀ ਹੈ, ਜਿਸ ਨਾਲ ਉਹ ਬਚਨ ਬੋਲਦੇ, ਬਾਣੀ ਉਚਰਦੇ ਅਤੇ ਸੰਗਤਾਂ ਨੂੰ ਉਪਦੇਸ਼ ਦਿੰਦੇ ਹਨ। ਗੁਰੂ ਜੀ ਆਪਣੇ ਕੋਮਲ ਕਰ ਕੰਵਲਾਂ ਨਾਲ ਸਿੱਖ ਦੀ ਕੰਡ ਤੇ ਥਾਪੜਾ ਦਿੰਦੇ ਹਨ। ਸਤਿਗੁਰੂ ਜੀ ਸਿੱਖਾਂ ਨੂੰ ਗਲਵੱਕੜੀ ਪਾਉਂਦੇ ਅਤੇ ਮੁਖਾਰਬਿੰਦ ਨਾਲ ਕਥਾ ਵੀ ਸੁਣਾਉਂਦੇ ਹਨ। ਉਹ ਕਿਸੇ ਨ ਕਿਸੇ ਕੁਲ ਅੰਦਰ ਮਾਤਾ ਪਿਤਾ ਦੁਆਰਾ ਹੀ ਪ੍ਰਗਟ ਹੁੰਦੇ ਹਨ। ਉਹ ਆਪ ਨਾਮ ਜਪਦੇ ਅਤੇ ਸਿੱਖਾਂ ਨੂੰ ਜਪਾਂਦੇ ਹੋਏ ਪੰਜਾਂ ਦੂਤਾਂ ਨੂੰ ਛਿੱਕ ਕੇ ਵਸ ਕਰ ਲੈਂਦੇ ਹਨ। ਇਹ ਸਾਰੇ ਲੱਛਣ ਦੇਹਧਾਰੀ ਤੇ ਹੀ ਘਟ ਸਕਦੇ ਹਨ। ਇਸ ਮਤ ਦੀ ਪੁਸ਼ਟੀ ਸ੍ਰੀ ਗ੍ਰੰਥ ਸਾਹਿਬ ਦੇ ਹੇਠ ਲਿਖੇ ਵਾਕਾਂ ਤੋਂ ਹੁੰਦੀ ਹੈ:-

**(੧) ਗੁਰੂ ਦੀ ਰਸਨਾ- ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ**
**ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ॥**

(ਤਿਲੰਗ ਮ: ੪ ਪੰ: ੭੨੬)

(੨) ਸਤਿਗੁਰ ਦੇ ਚਰਨ– ਸਤਿਗੁਰ ਚਾਟਉ ਪਗ ਚਾਟ
ਜਿਤੁ ਮਿਲਿ ਹਰਿ ਪਾਧਰ ਬਾਟ॥
(ਕਾਨੜਾ ਮ: ੪ ਪੰ:੧੨੯੭)

(੩) ਸਰਬ ਸੁਖਾ ਗੁਰ ਚਰਨਾ,
ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ।
(ਦੇਵ ਗੰਧਾਰੀ ਮ: ੪ ਪੰ:੫੩੧)

(੪) ਗੁਰੂ ਜੀ ਦੇ ਹੱਥ–
ਮੈ ਸੁਖੀ ਹੂੰ ਸੁਖ ਪਾਇਆ।
ਗੁਰਿ ਅੰਤਰਿ ਸਬਦੁ ਵਸਾਇਆ।
ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥ ਜੀਉ
(ਸਿਰੀ ਰਾਗ ਮ:੫)

ਹਉ ਗੋਸਾਈ ਦਾ ਪਹਿਲਵਾਨੜਾ। ਮੈ ਗੁਰ ਮਿਲਿ ਉਚ ਦੁਮਾਲੜਾ
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ।
ਵਾਤ ਵਜਨਿ ਟੰਮਕ ਭੇਰੀਆ। ਮਲ ਲਥੇ ਲੈਦੇ ਫੇਰਿਆ।
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿੱਤੀ ਕੰਡਿ ਜੀਉ।
(ਸਿਰੀ ਰਾਗ ਮ:੫ ਪੰ: ੧੪)

(੫) ਗੁਰੂ ਲਖਤਾ ਵਾਲਾ ਹੁੰਦਾ ਹੈ–
ਸਤਿਪੁਰਖੁ ਜਿਨਿ ਜਾਨਿਆ ਸਤਿਗੁਰ ਤਿਸਕਾ ਨਾਉ
ਤਿਸਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ।
(ਸੁਖਮਨੀ)

(੬) ਗੁਰੂ ਬ੍ਰਹਮ ਵੇਤਾ ਹੁੰਦਾ ਹੈ–
ਬ੍ਰਹਮ ਬਿੰਦੇ ਸੋ ਸਤਿਗੁਰ ਕਹੀਐ ਹਰਿ ਹਰਿ ਕਥਾ ਸੁਣਾਵੈ।
ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ
ਬਹੁ ਬਿਧਿ ਸਤਿ ਕਰ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ।
ਸਤਿਗੁਰ ਦੇਉ ਪ੍ਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ।
ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ।
(ਮਲਾਰ ਮ:੪)

(੭) ਗੁਰੂ ਦਾ ਪਿਤਾ ਮਾਤਾ ਤੇ ਕੁਲ–
ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ
ਧਨ ਧਨ ਸੁ ਜਨਨੀ ਜਿਨਿ ਗੁਰੂ ਜਾਣਿਆ ਮਾਇ।
ਧੰਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ
ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ।
(ਆਦਿ ਗ੍ਰੰਥ ਪੰਨਾ ੩੧੦)

**ਨਾਮਧਾਰੀ ਅਤੇ ਬਾਣੀ**

ਨਾਮਧਾਰੀ ਪੰਥ ਅੰਦਰ ਗੁਰਬਾਣੀ ਦਾ ਮਾਨ ਵਧੀਕ ਤੋਂ ਵਧੀਕ ਕੀਤਾ ਜਾਂਦਾ ਹੈ। ਇਸ ਸੰਸਥਾਂ ਦੀ ਨੀਉਂ ਹੀ ਨਾਮ ਅਤੇ ਬਾਣੀ ਤੇ ਰੱਖੀ ਗਈ ਹੈ। ਜਨਮ ਤੋਂ ਲੈ ਕੇ ਮਰਨ ਤਕ ਸਾਰੇ ਸੰਸਕਾਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਲਾਜ਼ਮੀ ਹੈ। ਵਿਅਸ਼ਟੀ ਅਤੇ ਸਮਸ਼ਟੀ ਰੂਪ ਵਿਚ ਪਾਠਾਂ ਦਾ ਪ੍ਰਵਾਹ ਜਾਰੀ ਹੀ ਰਹਿੰਦਾ ਹੈ। ਪਾਠ ਸਥਾਨ ਤੇ ਮਿੱਟੀ ਦਾ ਤੇਲ ਬਾਲਣਾ ਨਾਮਧਾਰੀ ਮਰਯਾਦਾ ਦੇ ਵਿਰੁੱਧ ਹੈ। ਜੁੱਤੀ ਵਾਲੇ ਪੈਰ ਧੋਣ ਤੋਂ ਬਿਨਾਂ ਕੋਈ ਨਾਮਧਾਰੀ ਪਾਠ ਕਰਨ ਵਾਸਤੇ ਸ੍ਰੀ

ਗ੍ਰੰਥ ਸਾਹਿਬ ਦੀ ਤਾਬਿਆ ਨਹੀਂ ਬੈਠ ਸਕਦਾ। ਲੜਕੇ ਲਕੜੀਆਂ ਦੇ ਅਨੰਦ ਕਾਰਜਾ ਵਾਸਤੇ ਇਹ ਨਿਯਮ ਹੈ ਕਿ ਦੰਪਤੀ ਘੱਟ ਤੋਂ ਘੱਟ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠੀ ਹੋਣ ਤਾਂ ਉਨ੍ਹਾਂ ਦੇ ਅਨੰਦ ਦੀ ਆਗਿਆ ਦਿੱਤੀ ਜਾਂਦੀ ਹੈ। ਇਸ ਲਈ ਅਨੰਦ ਦੇ ਮੌਕੇ ਤੇ ਪਹਿਲਾਂ ਵਰ ਕੰਨਿਆ ਦੇ ਪਾਠ ਦੀ ਪ੍ਰੀਖਿਆ ਲਈ ਜਾਂਦੀ ਹੈ, ਜੇ ਇਕ ਧਿਰ ਪ੍ਰੀਖਿਆ ਵਿਚ ਸਫਲ ਨਾ ਹੋਵੇ ਤਾਂ ਪੰਜ ਸੌ ਰੁਪੈ ਦੀ ਨਗਦੀ ਲੈ ਕੇ ਵਿਆਹ ਕਰ ਦਿੱਤਾ ਜਾਂਦਾ ਹੈ। ਜਾਮਨ ਨੂੰ ਇਸ ਗਲ ਦੀ ਗਰੰਟੀ ਦੇਣੀ ਪੈਂਦੀ ਹੈ ਕਿ ਐਨੇ ਮਹੀਨਿਆਂ ਤੱਕ ਪਾਠ ਦੀ ਕਮੀ ਪੂਰੀ ਕਰ ਦਿੱਤੀ ਜਾਵੇਗੀ। ਜ਼ਮਾਨਤ ਨਾ ਰੱਖਣ ਦੀ ਸੂਰਤ ਵਿਚ ਵਿਆਹ ਮੁਲਤਵੀ ਕਰ ਦਿੱਤਾ ਜਾਂਦਾ ਹੈ। ਇਹ ਮਰਯਾਦਾ ਕੇਵਲ ਏਸ ਨੁਕਤਾ ਨਿਗਾਹ ਨਾਲ ਪ੍ਰਚਲਿਤ ਕੀਤੀ ਗਈ ਹੈ ਕਿ ਨਾਮਧਾਰੀਆਂ ਦੇ ਪਰਵਾਰਾਂ ਵਿਚ ਕੋਈ ਵੀ ਜੀਅ ਅਜੇਹਾ ਨਾ ਰਹੇ, ਜੋ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਨ ਤੋਂ ਵਾਂਝਿਆਂ ਰਹੇ। ਹੁਣ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਨਿਯਮ ਵੀ ਬਣਾ ਦਿੱਤਾ ਹੈ ਕਿ ਅਨੰਦ ਵਾਸਤੇ ਵਰ ਤੇ ਕੰਨਿਆ ਆਪ ਪਾਠ ਕਰਕੇ ਆਉਣ ਤੇ ਅਨੰਦ ਕਾਰਜ ਸਮੇਂ ਉਨ੍ਹਾਂ ਪਾਠਾਂ ਦੇ ਭੋਗ ਪਾਏ ਜਾਣ।

**ਅਖੰਡ ਪਾਠ**

ਮਰਯਾਦਾ ਅਨੁਸਾਰ ਗ੍ਰੰਥ ਸਾਹਿਬ ਦੇ ਅਰੰਭ ਤੋਂ ਅੰਤ ਤੱਕ ਪਾਠ ਦਾ ਲਗਾਤਾਰ ਜਾਰੀ ਰਹਿਣਾ ਅਖੰਡ ਪਾਠ ਕਹਾਉਂਦਾ ਹੈ। ਇਹ ਪਾਠ ਜਗਤ ਨੂੰ ਨਾਮਧਾਰੀ ਪੰਥ ਦੇ ਸੰਚਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਇਕ ਪਵਿੱਤਰ ਤੇ ਅਮੁੱਲ ਦੇਣ ਹੈ। ਇਸਦੇ ਸੰਚਾਲਕ ਹਜ਼ੂਰ ਮਹਾਰਾਜ ਹਨ। ਇਸਦੀ ਮਰਯਾਦਾ ਬਹੁਤ ਸਵੱਛ ਹੈ। ਚਾਰ ਪਾਠੀ, ਚਾਰ ਧੂਪੀਏ, ਦੋ ਪਹਿਰੂ ਤੇ ਦੋ ਲਾਂਗਰੀ ਭਾਵ ੧2 ਗੁਰਮੁਖ ਇਕੱਠੇ ਹੋ ਕੇ ਪਾਠ ਕਰ ਸਕਦੇ ਹਨ। ਹਰ ਪਾਠੀ ਨਾਲ ਇਕ ਧੂਪੀਆ ਬੈਠਦਾ ਹੈ। ਧੂਪੀਆ ਧੂਪ ਧੁਖਾਈ ਰੱਖਦਾ ਹੈ ਅਤੇ ਜਪੁਜੀ ਸਾਹਿਬ ਦੇ ਪਾਠ ਦਾ ਪ੍ਰਵਾਹ ਚਲਾਈ ਰੱਖਦਾ ਹੈ। ਉਹ ਬੇਰੀ ਦੇ ਬਣੇ ਹੋਏ ਇਕ ਗੀਟੇ ਤੇ ਚਮਚੇ ਨਾਲ ਘਿਉ ਦੀ ਅਹੂਤੀ ਪਾ ਕੇ ਗੀਟਾ ਵੀ ਪ੍ਰਚੰਡ ਰੱਖਦਾ ਹੈ। ਪਾਠ ਆਰੰਭ ਤੋਂ ਪਹਿਲਾਂ ਪਾਠ ਵਿਚ ਲੱਗਣ ਵਾਲੇ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ, ਭਾਵੇਂ ਉਨ੍ਹਾਂ ਨੇ ਪਹਿਲਾਂ ਛਕਿਆ ਵੀ ਹੋਵੇ। ਪਾਠ ਵਾਲਾ ਸਥਾਨ, ਜੇ ਕੱਚਾ ਹੋਵੇ ਮਿੱਟੀ ਦਾ ਲੇਪਨ ਦੇ ਕੇ, ਜੇ ਪੱਕਾ ਹੋਵੇ ਤਾਂ ਜਲ ਨਾਲ ਧੋ ਕੇ, ਰਿਜ਼ਰਵ ਕਰ ਦਿੱਤਾ ਜਾਂਦਾ ਹੈ। ਇਸ ਜਗ੍ਹਾ ਦੀ ਹੱਦਬੰਧੀ ਕਰ ਦਿੱਤੀ ਜਾਂਦੀ ਹੈ। ਸੋਧ ਦਾ ਇਸ਼ਨਾਨ ਕਰਕੇ ਸੋਧ ਦੇ ਬਸਤਰ ਪਹਿਣਨ ਤੋਂ ਬਿਨਾਂ ਕੋਈ ਪਾਠੀ ਯਾ ਦੂਜਾ ਆਦਮੀ ਇਸ ਹੱਦ ਦੇ ਅੰਦਰ ਪੈਰ ਨਹੀਂ ਰੱਖ ਸਕਦਾ। ਕੁੰਭ ਵਿਖੇ ਸੋਧ ਦਾ ਜਲ ਭਰ ਕੇ ਰਖਣ ਅਤੇ ਘਿਉ ਦੀ ਅਖੰਡ ਜੋਤ ਸ਼ੁਰੂ ਤੋਂ ਅਖੀਰ ਤੱਕ ਪ੍ਰਚੰਡ ਰੱਖਣ ਦਾ ਵੀ ਨਿਯਮ ਹੈ। ਕੁੰਭ ਉਤੇ ਚਿੱਟੇ ਰੁਮਾਲ ਵਿਚ ਲਪੇਟ ਕੇ ਇਕ ਨਾਰੀਯਲ ਰੱਖਿਆ ਜਾਂਦਾ ਹੈ। ਗ੍ਰੰਥ ਸਾਹਿਬ ਦੀ ਜਿਲਦ ਵੀ ਚੰਮੜੇ ਦੀ ਨਹੀਂ ਹੋਣੀ ਚਾਹੀਦੀ। ਰੁਮਾਲ ਵੀ ਧੋ ਕੇ ਸੋਧ ਦੇ ਕਰਨੇ ਜਰੂਰੀ ਹਨ। ਫਰਸ਼ ਤੇ ਕੋਈ ਖੁਲ੍ਹਾ ਕਪੜਾ, ਸੋਧ ਦਾ ਕਰਨ ਤੋਂ ਬਿਨਾਂ, ਨਹੀਂ ਵਿਛਾਇਆ ਜਾ ਸਕਦਾ। ਆਮ ਤੌਰ ਤੇ ਚਿੱਟੇ ਊਨੀ ਬਸਤਰ ਘਾਸ ਫੂਸ ਜਾਂ ਨਾੜ ਆਦਿ ਦੇ ਵਿਛਾ ਕੇ ਕੰਮ ਸਾਰ ਲਿਆ ਜਾਂਦਾ ਹੈ। ਕਾਲੇ ਨੀਲੇ ਭੂਰੇ ਵੀ ਪ੍ਰਯੋਗ ਵਿਚ ਵਰਤਨੇ ਮਨ੍ਹੇ ਹਨ। ਪਾਠ ਵਿਚ ਸ਼ਾਮਿਲ ਹੋਣ ਵਾਲਿਆਂ ਦੇ ਬਸਤ੍ਰ ਵੀ ਚਿੱਟੇ ਹੋਣੇ ਯੋਗ ਹਨ। ਰਾਤ ਦੇ ਵੇਲੇ ਸੁੱਧ ਘਿਉ ਦੀਆਂ ਜੋਤਾਂ ਦੇ ਚਾਨਣੇ ਜਾਂ ਬਿਜਲੀ ਦੇ ਪ੍ਰਕਾਸ਼ ਵਿਚ ਪਾਠ ਕਰਨ ਦਾ ਵਿਧਾਨ ਹੈ। ਸਰੋਂ ਯਾ ਮਿੱਟੀ ਦੇ ਤੇਲ ਦੇ ਦੀਵੇ ਯਾ ਲੈਂਪ ਜਗਾ ਕੇ ਪਾਠ ਕਰਨ ਦੀ ਨੀਤੀ ਨੂੰ ਨਾਮਧਾਰੀ ਪੰਥ ਵਿਚ ਬਾਣੀ ਦੀ ਸਖਤ ਬੇਅਦਬੀ ਸਮਝਿਆ ਜਾਂਦਾ ਹੈ। ਅਰੰਭ ਕਰਨ ਤੋਂ ਪਹਿਲਾਂ ਸਵਾ ਰੁਪਯਾ ਦਰਸ਼ਨ ਭੇਟ ਭੀ ਰੱਖਿਆ ਜਾਂਦਾ ਹੈ। ਧੂਪੀਏ ਦੇ ਪਾਸ ਜਪੁਜੀ ਸਾਹਿਬ ਦੀ ਸੰਚੀ ਯਾ ਪੰਜਗ੍ਰੰਥ ਰੀਲ ਤੇ ਰਖੀ ਜਾਂਦੀ ਹੈ। ਤ੍ਰਿਹਾਵਲ ਦਾ ਕੜਾਹ ਪ੍ਰਸ਼ਾਦ ਤਿਆਰ ਕਰਕੇ ਅਰਦਾਸ ਕੀਤੀ ਜਾਂਦੀ ਹੈ। ਅਰਦਾਸੀਏ ਦੇ ਮੂੰਹ ਵਿਚੋਂ ਇਹ ਸ਼ਬਦ ਨਿਕਲਦਿਆਂ ਸਾਰ ਕਿ "ਹੇ ਸੱਚੇ ਪਾਤਸ਼ਾਹ ਆਪਦੀ ਕਿਰਪਾ ਨਾਲ ਅਖੰਡ ਪਾਠ ਦਾ ਆਰੰਭ ਕੀਤਾ ਜਾਂਦਾ ਹੈ" ਪਾਠੀ ਪਾਠ ਸ਼ੁਰੂ ਕਰ ਦਿੰਦਾ ਹੈ ਤੇ ਧੂਪੀਆ ਸਿੰਘ ਵੀ ਨਾਲ ਹੀ ਜਪੁਜੀ ਸਾਹਿਬ ਦਾ ਅਖੰਡ ਪਾਠ ਅਰੰਭ ਕਰ ਦਿੰਦਾ ਹੈ। ਰੋਲ ਲਗ ਜਾਣ ਤੇ ਜਦ ਦੂਜਾ ਪਾਠੀ ਤੇ ਧੂਪੀਆ

ਪਹਿਲਿਆਂ ਨੂੰ ਛੱਡਦੇ ਹਨ ਤਾਂ ਉਸੇ ਤੁਕ ਤੋਂ ਉਹ ਸ਼ੁਰੂ ਕਰਦੇ ਹਨ, ਜੋ ਪਹਿਲਿਆਂ ਦੇ ਮੂੰਹ ਵਿਚ ਹੋਵੇ। ਕਿਸੇ ਵੀ ਧੂਪੀਏ ਵਾਸਤੇ ਜਦ ਵੀ ਉਸ ਦੀ ਵਾਰੀ ਆਵੇ, ਜੇ ਉਸ ਸੋਂ ਗਿਆ ਹੋਵੇ ਜਾਂ ਜੰਗਲ ਜਾ ਕੇ ਆਇਆ ਹੋਵੇ, ਸੋਧ ਦਾ ਇਸ਼ਨਾਨ ਕਰਨਾ ਜਰੂਰੀ ਹੈ। ਤੇ ਪਹਿਲਿਆਂ ਨੂੰ ਛੱਡਣ ਤੋਂ ਪਹਿਲਾਂ ਉਹ ਅਰਦਾਸ ਕਰਕੇ ਆਪਣਾ ਕੰਮ ਸ਼ੁਰੂ ਕਰ ਦਿੰਦਾ ਹੈ। ਲਘੂ ਸ਼ੰਕਾ ਕਰਨ ਸਮੇਂ ਵੀ ਜਲ ਦਾ ਵਰਤਣਾ ਅਤਿ ਲੁੜੀਦਾ ਹੈ। ਗੁਰੂ ਜੀ ਦੀ ਆਗਯਾ ਹੈ- **ਜਲ ਕੋ ਲੇ ਮੂਤ੍ਰ ਕੇ ਪਾਛੇ,** ਪਾਠ ਅੱਧ ਵਿਚ ਆਵੈ ਤਾਂ ਕੜਾਹ ਪ੍ਰਸ਼ਾਦ ਕਰਕੇ ਵਰਤਾਇਆ ਜਾਂਦਾ ਹੈ। ਭੋਗ ਦੇ ਸਮੇਂ ਜਦ ਪਾਠੀ ਦੀ ਜ਼ੁਬਾਨ ਵਿਚ "ਅਠਾਰਹ ਦਸ ਬੀਸ" ਦੇ ਸ਼ਬਦ ਹੁੰਦੇ ਹਨ, ਅਰਦਾਸੀਆ ਸਿੰਘ ਅਰਦਾਸ ਅਰੰਭ ਕਰ ਦਿੰਦਾ ਹੈ। ਅਰਦਾਸ ਉਪਰੰਤ ਕੀਰਤਨ ਅਨੰਦ ਯਾ ਲੋੜ ਅਨੁਸਾਰ ਵਖਯਾਨ ਹੋ ਕੇ ਕੜਾਹ ਪ੍ਰਸ਼ਾਦ ਵਰਤਦਾ ਹੈ। ਇਹ ਵਿਧੀ ਉਹ ਹੈ ਜੋ ਕੇਵਲ ਗੁਰਬਾਣੀ ਦੇ ਉੱਚ ਤੋਂ ਉੱਚ ਸਨਮਾਨ ਤੇ ਸਤਕਾਰ ਦੇ ਨਮਿੱਤ ਹੀ ਪ੍ਰਚੱਲਿਤ ਹੈ ।

ਨੋਟ ਨੰਬਰ (੧) ਅਖੰਡ ਪਾਠ ਵਿਚ ਅੰਮ੍ਰਿਤਧਾਰੀ ਨਾਮਧਾਰੀ ਸਿੰਘ ਹੀ ਲਗ ਸਕਦੇ ਹਨ। (੨) ਪਾਠ ਦੀ ੧੬ ਪਹਿਰ ਮਿਆਦ ਵਧੀਕ ਤੋਂ ਹੈ । ਭਾਵ ਇਹ ਕਿ ਇਸ ਤੋਂ ਅੰਦਰ ਅੰਦਰ ਪਾਠ ਦਾ ਸਮਾਪਤ ਹੋਣਾ ਜਰੂਰੀ ਹੈ। ਇਸ ਤੋਂ ਪਹਿਲੋਂ ਅੱਠਾਂ, ਦਸਾਂ ਯਾ ੧੨ ਪਹਿਰਾਂ ਵਿਚ ਵੀ ਭੋਗ ਪੈ ਸਕਦਾ ਹੈ।

## ਧੂਪ ਦੀ ਸਮਗੱਰੀ

ਧੂਪੀਆ ਸਿੰਘ ਜਿਸ ਧੂਪ ਨੂੰ ਪਾਠ ਦੇ ਦੌਰਾਨ ਧੁਖਾਂਦਾ ਰਹਿੰਦਾ ਹੈ, ਹੇਠ ਲਿਖੀਆਂ ਸ਼ੈ ਤੇ ਨਿਰਭਰ ਕਰਦਾ ਹੈ:-

**(੧) ਚੰਦਨ ਸੁਰਖ (੨) ਚੰਦਨ ਸੁਪੈਦ (੩) ਛੜ (੪)ਮੁਥਰਾ (੫)ਇੰਦ੍ਰ ਜੌਂ (੬)ਭੋਜ ਪਤ੍ਰ (੭)ਸੁਪਾਰੀ (੮) ਦਾਖ (ਮੇਵਾ) (੯) ਛੁਹਾਰੇ (੧੦)ਗਰੀ (੧੧) ਬਦਾਮ (੧੨)ਗੁਗਲ (੧੩) ਕੇਸਰ (੧੪) ਮੁਸ਼ਕ ਕਾਫੂਰ (੧੫) ਲੌਂਗ (੧੬)ਤਿਲ (੧੭)ਜੌਂ ਦੇਸੀ (੧੮) ਕਸਤੂਰੀ (੧੯) ਸੰਧੂਰ (੨੦) ਅਲੈਚੀ (੨੧) ਘਿਉ (੨੨) ਖੰਡ**

## ਗੁਰਿਆਈ ਦਾ ਮਸਲਾ

ਨਾਮਧਾਰੀ ਮਤ ਅਨੁਸਾਰ ਗੁਰਬਾਣੀ ਸਿੱਖਾਂ ਅਤੇ ਗੁਰੂਆਂ ਦੋਹਾਂ ਦੇ ਵਾਸਤੇ ਸਤਕਾਰ ਦੀ ਪਾਤਰ ਹੈ। ਏਹੀ ਕਾਰਨ ਹੈ ਕਿ ਸਜੇ ਹੋਏ ਦੀਵਾਨ ਸਥਾਨ ਵਿਖੇ ਜਦੋਂ ਵੀ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਲਿਆਂਦੀ ਜਾਵੇ, ਨਾਮਧਾਰੀ ਸਤਿਗੁਰੂ ਸੰਗਤ ਸਮੇਤ ਖੜੇ ਹੋ ਕੇ ਨਮਸਕਾਰ ਕਰਦੇ ਹਨ। ਗੁਰਬਾਣੀ ਦਾ ਗੁਰੂਆਂ ਦੁਆਰਾ ਇਹ ਅਦਬ ਅਦਾਬ ਗੁਰਬਾਣੀ ਦੀ ਮਹਤੱਤਾ ਦਾ ਏਨਾ ਸਪਸ਼ਟੀਕਰਣ ਹੈ, ਕਿ ਇਸ ਦੇ ਹੁੰਦਿਆਂ ਇਹ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ ਕਿ ਬਾਣੀ ਗੁਰੂ ਹੈ। ਕਿਉਂਕਿ ਗੁਰਬਾਣੀ ਤਾਂ ਗੁਰੂਆਂ ਦੁਆਰਾ ਪੂਜੀ ਜਾਂਦੀ ਹੈ ਇਸ ਦ੍ਰਿਸ਼ਟੀ ਕੋਣ ਨਾਲ ਗੁਰੂ, ਬਾਣੀ ਦਾ ਪੁਜਾਰੀ ਹੈ ਅਤੇ ਬਾਣੀ ਪੂਜਯ ਹੈ। ਇਸ ਲਈ ਬਾਣੀ ਨੂੰ ਗੁਰੂ ਕਹਿਣ ਨਾਲ ਉਸਦੀ ਪਦਵੀ ਵਧਦੀ ਨਹੀਂ ਸਗੋਂ ਘੱਟਦੀ ਹੈ। ਸਾਡੇ ਸਤਿਗੁਰਾਂ ਵਲੋਂ ਗੁਰਬਾਣੀ ਦਾ ਪੂਰਨ ਸਤਿਕਾਰ ਸ੍ਰੀ ਮੋਹਨ ਜੀ ਤੋਂ ਪੋਥੀਆਂ ਲਿਆਉਣ ਦੀ ਇਤਿਹਾਸਕ ਘਟਨਾ ਤੋਂ ਤਾਂ ਏਨਾਂ ਸ਼ਪਸ਼ਟ ਹੋ ਜਾਂਦਾ ਹੈ ਕਿ ਜਿਸ ਦੀ ਮੌਜੂਦਗੀ ਵਿਚ ਗੁਰੂ ਅਤੇ ਬਾਣੀ ਦੀ ਵੱਖੋ ਵੱਖ ਪੁਜੀਸ਼ਨ ਸਮਝਣ ਵਿਚ ਕਿਸੇ ਤਰ੍ਹਾਂ ਦਾ ਔਖ ਅਤੇ ਸੰਦੇਹ ਰਹਿ ਹੀ ਜਾਂਦਾ ਹੈ। ਗੁਰ ਬਾਣੀ ਦੀਆਂ ਪੋਥੀਆਂ ਲਿਆਉਣ ਦੇ ਮੰਤਵ ਨਾਲ ਸਭ ਥੀਂ ਪਹਿਲੋਂ ਭਾਈ ਗੁਰਦਾਸ ਉਪਰੰਤ ਬਾਬਾ ਬੁੱਡਾ ਜੀ ਨੂੰ ਭੇਜਿਆ ਗਿਆ। ਪਰ ਇਹ ਦੋਵੇਂ ਮਹਾਂਪੁਰਖ ਸਫਲਤਾ ਪ੍ਰਾਪਤ ਨਾ ਕਰ ਸਕੇ। ਇਥੋਂ ਤੱਕ ਕਿ ਸ੍ਰੀ ਮੋਹਨ ਜੀ ਦੇ ਸਮਾਧੀ ਵਿਚ ਹੋਣ ਕਰਕੇ ਇਹ ਉਨ੍ਹਾਂ ਨਾਲ ਗਲ ਵੀ ਨਾ ਕਰ ਸਕੇ। ਛੇਕੜ ਗੁਰੂ ਅਰਜਨ ਦੇਵ ਜੀ ਆਪ ਪਧਾਰੇ ਅਤੇ ਬਿਆਸਾ ਵਿਚ ਇਸ਼ਨਾਨ ਕਰਕੇ ਚਹੁੰ ਗੁਰੂਆਂ ਦੇ ਧਿਆਨ ਵਿਚ ੪ ਘੜੀਆਂ ਤੱਕ ਖੜ੍ਹੇ ਰਹੇ। ਸ੍ਰੀ ਗੁਰੂ ਅਮਰਦਸ ਜੀ ਨੇ ਦਰਸ਼ਨ ਦੇ ਕੇ ਕਿਹਾ ਕਿ ਤੁਸੀਂ ਮੋਹਨ ਦੀ ਉਪਮਾ ਕਰੋਗੇ ਤਾਂ ਤੁਹਾਡੀ ਇੱਛਾ ਪੂਰੀ ਹੋਵੇਗੀ। ਗੁਰੂ ਅਮਰਦਾਸ ਜੀ ਦੇ ਅੰਤਰ ਧਿਆਨ ਹੋਣ ਉਪਰੰਤ ਗੁਰੂ ਅਰਜਨ ਦੇਵ ਜੀ ਸ੍ਰੀ ਮੋਹਨ ਜੀ ਦੇ ਚੁਬਾਰੇ ਵਲ ਗਏ। ਚੁਬਾਰੇ ਦੇ ਹੇਠਾਂ

ਗਲੀ ਵਿਚ ਭੁੰਜੇ ਹੀ ਬੈਠ ਗਏ, ਸਿੱਖਾਂ ਨੇ ਗਲੀਚੇ ਤੇ ਦਰੀਆਂ ਹਾਜ਼ਰ ਕੀਤੇ, ਪਰ ਗੁਰੂ ਜੀ ਨੇ ਕੁਝ ਕਰਨ ਤੋਂ ਨਾਂਹ ਕਰ ਦਿਤੀ ਅਰ ਤੰਬੂਰਾ ਸੁਰ ਕਰਕੇ ਕੀਰਤਨ ਅਰੰਭ ਕਰ ਦਿੱਤਾ। ਗੁਰੂ ਬਿਲਾਸ ਵਿਚ ਲਿਖਿਆ ਹੈ :-

**ਕੁੰਡਲੀਆਂ:- ਅਮਰ ਗੁਰੂ ਅਸ ਭਾਖ ਕੈ ਭਏ ਸੁ ਅੰਤਰ ਧਿਆਨ**
**ਗੁਰ ਅਰਜਨ ਮਨ ਸੁਖ ਲਯੋ ਸ੍ਰੀ ਗੁਰ ਬੰਦਨ ਠਾਨ**
**ਸ੍ਰੀ ਗੁਰ ਬੰਦਨ ਠਾਨ ਮੋਹਨ ਕੈ ਚਲੇ ਚੁਬਾਰੇ**
**ਜਾਇ ਤਹਾਂ ਨਿਕਟਾਰ ਗਲੀ ਮਧਿ ਭੂਮਿ ਬੈਠਾਰੇ**
**ਕੌਤਕ ਤਹਾਂ ਨਿਹਾਰ ਸਿੱਖ ਬਹੁ ਬਸਤ੍ਰ ਲਿਆਏ**
**ਗਲੀਚੇ ਦਰੀ ਅਪਾਰ ਸ੍ਰੀ ਗੁਰ ਸਭੈ ਹਟਾਏ॥੧੯॥**

**ਸੋਰਠਾ :- ਤੂੰਬਰ ਹਾਥ ਸੁਧਾਰ ਗੁਰਅਰਜਨ ਮੁਖ ਕਮਲ ਸੋਂ।**
**ਕੀਨੋਂ ਸਬਦ ਉਚਾਰ ਮੋਹਨ ਕੀ ਉਪਮਾ ਲੀਏ ॥੧੯॥**

**ਗਉੜੀ ਮ: ੫ :- ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।**
**ਮੋਹਨ ਤੇਰੇ ਸੋਹਨਿ ਦੁਆਰਿ ਜੀਉ ਸੰਤ ਧਰਮਸਾਲਾ।**
**ਧਰਮਸਾਰ ਅਪਾਰਦੈਆਰ ਠਾਕੁਰ ਸਦਾ ਕੀਰਤਨ ਗਾਵਹੇ।**
**ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਜਹਿ ਧਿਆਵਹੇ।**
**ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ।**
**ਬਿਨਵੰਤ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ॥੧॥**
(ਆਦਿ ਗ੍ਰੰਥ ਪੰਨਾ ੨੪੮)

ਅੰਮ੍ਰਿਤ ਭਿੰਨੇ ਕੀਰਤਨ ਦੀ ਮਧੁਰ ਧੁਨੀ ਉਸ ਦੇਸ਼ ਵਿਚ ਪੁੱਜੀ ਜਿੱਥੋਂ ਦਾ ਸ੍ਰੀ ਮੋਹਨ ਜੀ ਧਿਆਨ ਧਰ ਰਹੇ ਸਨ । ਅਰਸ਼ੀ ਅਵਾਜ਼ ਨੇ ਸਮਾਧੀ ਖੋਲ੍ਹ ਦਿੱਤੀ। ਬਾਰੀ ਵਿਚ ਦੀ ਗਲੀ ਵੱਲ ਤੱਕਿਆ। ਗੁਰੂ ਜੀ ਸਬੰਧੀ ਕੁਛ ਅਸਤ ਬਿਅਸਤ ਬਚਨ ਕੀਤੇ।

**ਤੁਸਾਂ ਆਪ ਗੁਰਿਆਈ ਲੈ ਕੇ ਘਰ ਵਿਚ ਪਾਟਕ ਪਾ ਦਿੱਤਾ।**
**ਆਪ ਗੁਰੂ ਬਨ ਹੋਇ ਨਿਲੱਜ ਬਡੋ ਤੁਮ ਢੀਠ ਜੁ ਕੋਊ ਨਿਹਾਰੇ**
**ਪੋਥੀਆਂ ਲੇਵਨ ਆਇ ਇਹਾਂ ਤੁਮ ਬੀਥਨ ਮੈਂ ਬੈਠਯੋ ਡਿੰਭ ਪਸਾਰੇ।**

ਗੁਰੂ ਜੀ ਨੇ ਮੋਹਨ ਜੀ ਦੇ ਇਹ ਬਚਨ ਖਿੜੇ ਮੱਥੇ ਸੁਣਦਿਆਂ ਹੋਇਆਂ ਦੂਜਾ ਸਬਦ ਉਚਾਰਿਆ:-

**ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥**
**ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ।**
**ਮਾਨਹਿ ਤ ਏਕੁ ਅਲੇਖੁ ਠਾਕੁਰ ਜਿਨਹਿ ਸਭ ਕਲ ਧਾਰੀਆ।**
**ਤੁਧੁ ਬਚਨਿ ਗੁਰ ਕੈ ਵਸਿ ਕੀਆਂ ਆਦਿ ਪੁਰਖ ਬਨਵਾਰੀਆ।**
**ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ।**
**ਬਿਨਵੰਤ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ॥੨॥**
(ਪੰਨਾ : ੨੪੮)

ਗੁਰੂ ਜੀ ਦੇ ਬਚਨ ਸੁਣ ਕੇ ਮੋਜਨ ਜੀ ਕਿਰਪਾ ਦੇ ਘਰ ਵਿਚ ਆਏ ਤੇ ਮਨ ਵਿਚ ਸੋਚਿਆ ਕਿ :

**ਸਮਤਾ ਬਚਨ ਸੁਨਾਇ ਮਨੈ ਸੁਖ ਪਾਇਓ।**
**ਗੁਰੂ ਬਿਖਮਤਾ ਨਾਹਿ ਸੁ ਸ਼ਾਂਤਿ ਰਹਾਇਓ।**

ਤਾਂਤੇ ਦੇਗ ਤਿਆਗ ਪੋਥੀਆਂ ਦੀਜੀਐ।
ਹੋ ਨਿਜ ਮਨ ਮਹਿ ਸੁਖ ਪਾਇ ਬਡੋ ਜਸ ਲੀਜੀਐ। ...

**ਦੋਹਰਾ॥** ਗੁਰੂ ਅਰਜਨ ਰੂਪ ਨਿਹਾਰ ਕੈ ਮੋਹਨ ਮਨ ਸੁਖ ਪਾਇ।
ਚਾਰੋਂ ਗੁਰ ਜੋਤਿ ਜੋ ਇਸ ਮਹਿ ਰਹੀ ਸਮਾਇ॥੨੬॥
ਮੋਹਨ ਜੀ ਤਬ ਹੀ ਉਠੇ ਹਾਥ ਪੋਥੀਆਂ ਧਾਰ।
ਤੀਜੀ ਪਉੜੀ ਤਬ ਕਹੀ ਮੋਹਨ ਜਸ ਬਿਸਥਾਰ।੨੭॥

**ਸ਼ਬਦ:-** ਮੋਹਨ ਤੁਧੁ ਤਸ ਸੰਗਤਿ ਧਿਆਵੈ ਦਰਸ ਧਿਆਨਾ।
ਮੋਹਨ ਜਮ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ।
ਜਮ ਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ।
ਮਨਿ ਬਚਨਿ ਕਰਮਿ ਜੇ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ।
ਮਲ ਮੂਤ ਮੂੜ ਜਿ ਮੁਗਧ ਹੋਤੇ ਸੇ ਦੇਖਿ ਦਰਸੁ ਸੁਗਿਆਨਾ।
ਬਿਨਵੰਤ ਨਾਨਕ ਰਾਜ ਨਿਹਚਲ ਪੂਰਨ ਪੁਰਖ ਭਗਵਾਨਾ ।੩॥

(ਆਦਿ ਗ੍ਰੰਥ ਸਾਹਿਬ ਪੰਨਾ ੨੪੮)

ਇਮ ਵਾਕ ਸੁਨੇ ਗੁਰ ਅਰਜਨ ਕੇ ਤਬ ਮੋਹਨ ਜੀ ਮਨ ਆਨੰਦ ਪਾਯੋ।
ਪੋਥੀਆਂ ਹਾਥਿ ਲੈ ਆਏ ਤਬੈ ਜਸ ਬੀਨ ਸੁਨੇ ਚਲ ਬਾਸ਼ਕ ਆਯੋ।
ਦੀਨੀ ਸੁ ਪੋਥੀਆਂ ਹਾਥਿ ਗੁਰੂ ਗੁਰਕੇ ਚਰਨਾਂ ਬੁਜ ਸੀਸ ਨਿਵਾਯੋ।
ਸ੍ਰੀ ਗੁਰ ਸੀਸ ਉਠਾਇ ਕਹਯੋ ਅਸ ਮੋਹਨ ਜੀ ਤੁਮ ਨਹੀਂ ਸੁਹਾਯੋ।੩॥

ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਬਦਾਂ ਦਾ ਅੰਤਿਮ ਭਾਗ ਉਚਾਰਿਆ :-

ਮੋਹਨ ਤੂੰ ਸੁਫਲ ਫਲਿਆ ਸਣ ਪਰਵਾਰੇ।
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭ ਤਾਰੇ।
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸ਼ਨੁ ਪਾਇਆ।
ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮ ਨੇੜੁ ਨ ਆਇਆ।
ਬੇਅੰਤ ਗੁਣ ਤੇਰੇ ਕਥੇ ਨਾ ਜਾਹੀ ਸਤਿਗੁਰ ਪੁਰਖ ਮੁਰਾਰੇ।
ਬਿਨਵੰਤ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ॥੪॥

(ਆਦਿ ਗ੍ਰੰਥ ਪੰਨਾ ੨੪੮)

ਜਿਸ ਪ੍ਰਿਸ਼ਰਮ ਅਤੇ ਸ਼ਰਧਾ ਭਾਵਨਾ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀਆਂ ਪੋਥੀਆਂ ਸ੍ਰੀ ਮੋਹਨ ਜੀ ਤੋਂ ਪ੍ਰਾਪਤ ਕੀਤੀਆਂ ਉਹ ਇਸ ਇਤਿਹਾਸਿਕ ਪ੍ਰਕਰਣ ਤੋਂ ਭਲੀ ਭਾਂਤ ਸਪੱਸ਼ਟ ਹੈ। ਸੋ ਜਿੱਥੋਂ ਤੱਕ ਨਾਮਧਾਰੀ ਸਿੱਖਾਂ ਦਾ ਗੁਰਬਾਣੀ ਦੇ ਸਤਕਾਰ ਤੇ ਆਦਰ ਨਾਲ ਸਬੰਧ ਹੈ ਉਹ ਸਪੱਸ਼ਟ ਹੈ।

## ਅੱਠਵੇਂ ਪਾਤਸ਼ਾਹ ਦੇ ਸਮੇਂ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਪ੍ਰਸ਼ਨ

ਗੁਰਬਾਣੀ ਦਾ ਸਿੰਘਾਸਨ ਗੁਰੂ ਪਦ ਨਾਲੋਂ ਉੱਚਾ ਅਤੇ ਸਨਮਾਨ ਯੋਗ ਹੋਣ ਦੇ ਕਾਰਨ ਦਸਵੇਂ ਪਾਤਸ਼ਾਹ ਵਲੋਂ ਗੁਰਬਾਣੀ ਨੂੰ ਗੁਰੂ ਥਾਪਣ ਦੀ ਕਲਪਨਾ ਕੋਈ ਅਰਥ ਨਹੀਂ ਰੱਖਦੀ। ਇਸ ਸਬੰਧ ਵਿਚ ਇਤਿਹਾਸ ਦੀ ਇਕ ਹੋਰ ਘਟਨਾ ਦੁਆਰਾ ਪਤਾ ਲਗਦਾ ਹੈ ਕਿ ਗੁਰਬਾਣੀ ਨੂੰ ਗੁਰੂ ਥਾਪਣ ਦਾ ਪ੍ਰਸ਼ਨ ਸ੍ਰੀ ਗੁਰੂ ਹਰਿ ਕ੍ਰਿਸ਼ਨ ਦੇ ਸਮੇਂ ਵੀ ਉਠਿਆ ਸੀ ਪਰ ਫੈਸਲਾ ਦੇਹਧਾਰੀ ਗੁਰੂ ਦੇ ਹੱਕ ਵਿਚ ਹੀ ਹੋਇਆ ਸੀ। ਦੇਖੋ ਗ੍ਰੰਥ ਗੁਰ ਪ੍ਰਤਾਪ ਸੂਰਜ ਰਾਸ ੧੦ ਅੰਸੂ ੫੨ :- ਸ੍ਰੀ ਗੁਰੂ ਹਰਿ ਕ੍ਰਿਸ਼ਨ ਅੱਠਵੇਂ ਪਾਤਸ਼ਾਹ ਜੀ ਦੇ ਜੋਤੀ ਜੋਤਿ ਸਮਾਣ ਸਮੇਂ ਸੰਗਤ ਨੇ ਪੁਛਿਆ, 'ਪਾਤਸ਼ਾਹ! ਸੰਗਤ ਨੂੰ ਕਿਸੇ ਦੇ ਲੜ

ਲਾ ਚਲੇ ਹੋ'? ਆਗਿਆ ਕੀਤੀ ਕਿ ਹੁਣ ਤੁਸਾਂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ। ਸੰਗਤ ਵਲੋਂ ਭਾਈ ਗੁਰਬਖਸ਼ ਜੀ ਨੇ ਬੇਨਤੀ ਕੀਤੀ, "ਦੀਨ ਦਇਆਲ ਜੀ ਸੰਗਤ ਗੁਰੂ ਤੋਂ ਬਿਨਾਂ ਥਿਰ ਨਹੀਂ ਰਹਿ ਸਕਦੀ (ਜੇ ਗੁਰਬਾਣੀ ਦਾ ਗੁਰੂ ਮੰਨਣ ਦਾ ਅਸੂਲ ਪ੍ਰਮਾਣਿਤ ਹੁੰਦਾ ਤਾਂ ਸ੍ਰੀ ਗੁਰਬਖਸ਼ ਜੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਇਹ ਕਦੇ ਨਾ ਕਹਿੰਦੇ ਕਿ ਸੰਗਤ ਗੁਰੂ ਤੋਂ ਬਿਨਾਂ ਨਹੀਂ ਧਿਰ ਸਕਦੀ ਅਤੇ ਦੇਹਧਾਰੀ ਗੁਰੂ ਦਾ ਲੜ ਹਜ਼ੂਰ ਨੇ ਨਾ ਫੜਾਇਆ ਤਾਂ ਸਾਰੀ ਸੰਗਤ ਵਿਚਲ ਜਾਏਗੀ। ਜੇ ਆਪ ਸਾਨੂੰ ਆਪਣੇ ਜੈਸੇ (ਭਾਵ ਮਾਨਸ ਮੂਰਤ) ਗੁਰੂ ਦੇ ਲੜ ਨਾ ਲਾਵੋਗੇ ਤਾਂ ਸਾਰੀ ਸੰਗਤ ਵਿਚਲ ਜਾਏਗੀ ਜੇਹੜਾ ਆਪ ਨੇ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਬਾਬਤ ਹੁਕਮ ਕੀਤਾ ਹੈ ਉਹ ਵੀ ਅਸਾਂ ਸੁਣਿਆਂ ਹੈ ਪਰ ਸਾਡੀ ਨਿਸ਼ਾ ਦੇਹਧਾਰੀ ਗੁਰੂ ਦੁਆਰਾ ਹੀ ਹੋਵੇਗੀ (ਜੇ ਗੁਰਬਾਣੀ ਦਾ ਗੁਰੂ ਮੰਨਣ ਦਾ ਅਸੂਲ ਪ੍ਰਮਾਣਿਤ ਹੁੰਦਾ ਤਾਂ ਸ੍ਰੀ ਗੁਰਬਖਸ਼ ਜੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਇਹ ਕਦੇ ਨਾ ਕਹਿੰਦੇ ਕਿ ਸੰਗਤ ਗੁਰੂ ਤੋਂ ਬਿਨਾਂ ਧਿਰ ਨਹੀਂ ਰਹਿੰਦੀ ਅਤੇ ਜੇ ਦੇਹਧਾਰੀ ਗੁਰੂ ਦਾ ਲੜ ਹਜ਼ੂਰ ਨੇ ਨਾ ਫੜਾਇਆ ਤਾਂ ਸਾਰੀ ਸੰਗਤ ਵਿਚਲ ਜਾਏਗੀ।) ਭਾਈ ਗੁਰਬਖਸ਼ ਜੀ ਨੇ ਇਹ ਗਲ ਕਹਿ ਕੇ ਆਪ ਦੀ ਇਹ ਗਲ ਸੁਣ ਲਈ ਹੈ ਕਿ ਗ੍ਰੰਥ ਸਾਹਿਬ ਨੂੰ ਗੁਰੂ ਮੰਨੋ, ਪਰ ਨਿਸ਼ਾ ਦੇਹਧਾਰੀ ਗੁਰੂ ਦੁਆਰਾ ਹੀ ਹੋਵੇਗੀ, ਦੇਹਧਾਰੀ ਗੁਰੂ ਨੂੰ ਕਿੰਨੀ ਮਹਾਨਤਾ ਦੇ ਦਿੱਤੀ ਹੈ। ਗ੍ਰੰਥ ਸਾਹਿਬ ਤਾਂ ਕਈ ਸੋਢੀ ਲਿਖ ਕੇ ਲਾਲਚ ਵਸ ਕਬਜਾ ਕਰ ਲੈਣਗੇ, ਏਸ ਲਈ ਗੁਰਗੱਦੀ ਦੇ ਮਾਲਕ ਦੀ ਬਾਂਹ ਫੜਾਣ ਦੀ ਕ੍ਰਿਪਾਲਤਾ ਕਰੋ।" ਜਦ ਗੁਰੂ ਜੀ ਨੇ ਇਹ ਦੇਖਿਆ ਕਿ ਸੰਗਤ ਨੇ ਗੁਰੂ ਦੀ ਸਹੀ ਪੁਜੀਸ਼ਨ ਨੂੰ ਸਮਝ ਲਿਆ ਹੈ ਤਾਂ ਆਪ ਨੇ ਵਾਕ ਕੀਤਾ, "ਬਾਬਾ ਬਕਾਲੇ" ਅਰਥਾਤ ਗੁਰੂ ਬਾਬਾ ਜੀ ਬਕਾਲੇ ਪਿੰਡ ਵਿਚ ਬਿਰਾਜਮਾਨ ਹਨ। ਉਹ ਗੁਰੂ ਤੇਗ ਬਹਾਦਰ ਜੀ "ਹਿੰਦ ਦੀ ਚਾਦਰ" ਸਨ, ਜੋ ਮੱਖਣ ਸ਼ਾਹ ਲੁਬਾਣੇ ਦੁਆਰਾ ਪ੍ਰਗਟ ਹੋਏ। ਇਸ ਕਥਾ ਤੋਂ ਸਿੱਧ ਹੈ ਕਿ "ਗ੍ਰੰਥ ਗੁਰੂ" ਦਾ ਸਵਾਲ ਪੈਦਾ ਕਰਕੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਪਹਿਲੋਂ ਹੀ ਇਹ ਮਿਸਾਲ ਕਾਇਮ ਕਰ ਦਿੱਤੀ ਸੀ ਕਿ ਗੁਰਿਆਈ ਦਾ ਤਖਤ ਦੇਹਧਾਰੀਆਂ ਗੁਰੂਆਂ ਦੁਆਰਾ ਹੀ ਸੁਸ਼ੋਭਤ ਹੋ ਸਕਦਾ ਹੈ। ਸੋ ਜਦ ਗੁਰੂ ਹਰਿ ਕ੍ਰਿਸ਼ਨ ਜੀ ਦੇ ਸਮੇਂ ਇਹ ਫੈਸਲਾ ਹੋ ਚੁੱਕਾ ਸੀ ਕਿ ਗੁਰੂ, ਬਾਣੀ ਨਹੀਂ, ਸਗੋਂ ਦੇਹਧਾਰੀ ਹੀ ਹੋ ਸਕਦਾ ਹੈ। ਤਾਂ ਦਸਵੇਂ ਪਾਤਸ਼ਾਹ ਇਹ ਫੈਸਲਾ ਕਿਵੇਂ ਉਲਟਾ ਸਕਦੇ ਹਨ ? ਇਹ ਗਲ ਵੀ ਇਕ ਅਟੱਲ ਸਚਾਈ ਤੇ ਨਿਰਭਰ ਹੈ ਕਿ ਹਜ਼ੂਰ ਸਾਹਿਬ ਦੇ ਜੋਤੀ ਜੋਤ ਸਮਾਣ ਦੇ ਪਰਦੇ ਵਿਖੇ ਹੋਏ ਕੌਤਕ ਸਮੇਂ ਸ੍ਰੀ ਕਲਗੀਧਰ ਜੀ ਪਾਸ ਗ੍ਰੰਥ ਸਾਹਿਬ ਦੀ ਕੋਈ ਬੀੜ ਵੀ ਮੌਜੂਦ ਨਹੀਂ ਸੀ। ਜੇ ਕੋਈ ਬੀੜ ਹਜ਼ੂਰ ਪਾਸ ਉਸ ਵੇਲੇ ਹੁੰਦੀ ਅਤੇ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਜਾਨਸ਼ੀਨ ਨੀਯਤ ਕੀਤਾ ਹੁੰਦਾ ਤਾਂ ਅੱਜ ਉਸ ਬੀੜ ਦੀ ਸਭ ਤੋਂ ਵਧੀਕ ਪੂਜਾ ਪ੍ਰਤਿਸ਼ਠਾ ਹੁੰਦੀ। ਪਰ ਸਚਾਈ ਇਹ ਹੈ ਕਿ ਉਸ ਵੇਲੇ ਕੋਈ ਬੀੜ ਗੁਰੂ ਜੀ ਪਾਸ ਨਹੀਂ ਸੀ ਜੇ ਹੁੰਦੀ ਤਾਂ ਅੱਜ ਵੀ ਹਜ਼ੂਰ ਸਾਹਿਬ ਯਾ ਹੋਰ ਕਿਸੇ ਪਵਿੱਤਰ ਸਥਾਨ ਤੇ ਉਸ ਦਾ ਦਰਸ਼ਨ ਹੋ ਸਕਦਾ।

**ਰਾਜਨੀਤਕ ਪਹਿਲੂ**

ਦੇਹਧਾਰੀ ਗੁਰੂ ਦੇ ਵਿਰੋਧ ਕੀਤੇ ਜਾ ਰਹੇ ਹਨ ਪ੍ਰਾਪਤੇਗੰਡੇ ਦਾ ਇਕ ਪੁਲੀਟੀਕਲ ਪਹਿਲੂ ਹੈ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ "ਕੂਕਾ ਲਹਿਰ" ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਥ ਦੀ ਇਕ ਵਿਸ਼ਵਾਸ ਪਾਤਰ ਅਰ ਕੇਂਦਰੀ ਵਿਅਕਤੀ ਮੰਨ ਕੇ ਹਕੂਮਤ ਅਤੇ ਉਸ ਦੇ ਪਿੱਠੂਆਂ ਦੇ ਵਿਰੁੱਧ ਜੋ ਪ੍ਰਭਾਵ ਪੈਦਾ ਕੀਤਾ ਸੀ ਉਹ ਵੈਸਾ ਹੀ ਸਮਝਿਆ ਗਿਆ, ਜੈਸਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਉਸ ਵੇਲੇ ਦੀ ਖਾਲਸਾ ਤਹਿਰੀਕ ਨੇ ਮੁਗਲ ਹਕੂਮਤ ਦੇ ਵਿਰੁੱਧ ਪੈਦਾ ਕੀਤਾ ਸੀ। ਅੰਗ੍ਰੇਜ਼ ਨੇ ਸਮਝਿਆ ਕਿ ਜੇ ਸਿੱਖਾਂ ਵਿਚ ਦੇਹਧਾਰੀ ਗੁਰੂ ਦਾ ਸਿਟਿਮ ਲਗਾਤਾਰ ਚਲਦਾ ਰਿਹਾ ਤਾਂ ਹੋ ਸਕਦਾ ਹੈ ਕਿ ਅੰਗ੍ਰੇਜ਼ੀ ਰਾਜ ਕੁਝ ਸਮੇਂ ਤੱਕ ਹੀ ਓਸੇ ਤਰ੍ਹਾਂ ਖਤਮ ਹੋ ਜਾਵੇ ਜਿਸ ਤਰ੍ਹਾਂ ਮੁਗਲ ਸਮਰਾਜ ਦਾ ਕੀਰਤਨ ਸੋਹਿਲਾ ਪੜ੍ਹਿਆ ਗਿਆ ਸੀ। ਉਸ ਦੇ ਸਾਹਮਣੇ ਬਾਬੇ ਅਤੇ ਬਾਬਰ ਕਿਆਂ ਦਾ ਤਖ਼ਤਾਂ ਦਾ ਪਿਛਲਾ ਇਤਿਹਾਸ ਮੂਰਤੀਮਾਨ ਸੀ। ਬਾਬੇ ਕੇ ਤਖ਼ਤ ਤੋਂ ਬਾਬਰ ਕੇ ਤਖ਼ਤ ਨੂੰ ਖਤਰੇ ਦਾ ਅਨੁਭਵ ਸਭ ਤੋਂ ਪਹਿਲਾਂ ਜਹਾਂਗੀਰ ਨੂੰ ਹੋਇਆ ਸੀ। ਉਸਨੇ ਆਪਣੀ ਤੋਜ਼ਕ ਵਿਚ ਇਸ ਗਲ ਨੂੰ ਸਾਫ ਤੌਰ ਤੇ ਮੰਨਿਆ ਹੈ ਕਿ ਉਹ ਗੁਰੂ ਅਰਜਨ ਦੇ ਐਸ਼ਵਰਜ, ਮਾਨ ਅਤੇ ਸ਼ਾਨ ਨੂੰ ਇਸਲਾਮ ਦੇ

ਵਿਰੁੱਧ ਇਕ ਤਕੜੀ ਦੁਕਾਨਦਾਰੀ ਸਮਝ ਕੇ ਬੰਦ ਕਰਨਾ ਚਹੁੰਦਾ ਸੀ। ਸੋ ਅਪਣੇ ਸਹਿਜ਼ਾਦੇ ਖੁਸ਼ਰੋ ਨੂੰ, ਜੋ ਉਸ ਤੋਂ ਬਾਗੀ ਹੋ ਗਿਆ ਸੀ, ਪਨਾਹ ਦੇਣ ਦੇ ਬਹਾਨੇ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਦੋ ਲੱਖ ਰੁਪੈ ਜ਼ੁਰਮਾਨੇ ਦੀ ਸਜ਼ਾ ਦਿੱਤੀ ਅਤੇ ਦੀਵਾਨ ਚੰਦੂ ਲਾਲ ਦੇ ਹਵਾਲੇ ਕਰ ਦਿੱਤਾ, ਜਹਾਂਗੀਰ ਆਪ ਕਸ਼ਮੀਰ ਨੂੰ ਟੁਰ ਗਿਆ ਤੇ ਉਸ ਨੇ ਚੰਦੂ ਲਾਲ ਨੂੰ ਜੋ ਆਪਣੀ ਲੜਕੀ ਦਾ ਸਾਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ  ਵਾਸਤੇ ਨਾ ਮੰਨਿਆ ਜਾਣ ਦੇ ਕਾਰਨ ਗੁਰੂ ਜੀ ਨਾਲ ਸਖ਼ਤ ਨਿਰਾਜ਼ ਸੀ, ਟੂਲ ਬਣਾ ਕੇ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ। ਉਪਰੰਤ ਜਹਾਂਗੀਰ ਹੁਣ ਖੁਸ਼ ਸੀ ਕਿ ਬਾਬੇ ਦਾ ਤਖ਼ਤ ਖਾਲੀ ਹੋ ਗਿਆ, ਪਰ ਜਦ ਉਸ ਨੇ ਦੇਖਿਆ ਕਿ ਪੰਚਮ ਗੁਰੂ ਜੀ ਦੇ ਪੁਤ੍ਰ ਹਰਿਗੋਬਿੰਦ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਫੌਜਾਂ ਭਰਤੀ ਕਰ ਲਈਆਂ ਹਨ ਅਤੇ ਮੁਗਲ ਰਾਜਪ੍ਰਬੰਧ ਦੇ ਅੰਤਰਗਤ ਆਪਣਾ ਹੀ ਰਾਜ ਪ੍ਰਬੰਧ(Administration) ਕਾਇਮ ਕਰ ਲਿਆ ਹੈ ਤਾਂ ਉਹ ਹੱਕਾ ਬੱਕਾ ਰਹਿ ਗਿਆ। ਗੁਰੂ ਜੀ ਨੇ ਆਪਣਾ ਤਖ਼ਤ (ਅਕਾਲ ਬੁੰਗਾ) ਕਾਇਮ ਕਰਕੇ ਹਕੂਮਤ ਨਾਲ ਜੰਗ ਵੀ ਕੀਤੇ, ਜਿੰਨਾਂ ਵਿਚ ਸ਼ਾਹੀ ਸੈਨਾ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਆਪ ਤੋਂ ਪਿਛੋਂ ਗੁਰੂ ਹਰਿ ਰਾਇ ਤੇ ਉਪਰੰਤ ਗੁਰੂ ਹਰਿ ਕ੍ਰਿਸ਼ਨ ਜੀ ਨੇ ਬਾਬੇ ਦੇ ਤਖ਼ਤ ਨੂੰ ਸ਼ੁਸ਼ੋਭਤ ਕੀਤਾ। ਆਲਮਗੀਰ ਸ਼ਹਿਨਸ਼ਾਹ ਔਰੰਗਜੇਬ ਨੇ ਗੁਰੂ ਤੇਗ ਬਹਾਦਰ ਜੀ ਨੂੰ ਕੇਵਲ ਇਸ ਵਾਸਤੇ ਸ਼ਹੀਦ ਕਰਵਾਇਆ ਕਿ ਬਾਬੇ ਦਾ ਤਖ਼ਤ ਖਤਮ ਕਰਕੇ ਨਿਸ਼ਕੰਟਕ ਰਾਜ ਭੋਗਿਆ ਜਾਵੇ ਪਰ ਗੁਰਿਆਈ ਦੀ ਜਾਬਸ਼ੀਨੀ ਦਾ ਵਿਧਾਨ ਮੁਗਲ ਬਾਦਸ਼ਾਹਾਂ ਦੀ ਕੋਈ ਪੇਸ਼ ਨਹੀਂ ਸੀ ਜਾਣ ਦਿੰਦਾ। ਹੁਣ ਬਾਬੇ ਦਾ ਤਖ਼ਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਿਆਂ ਜਾਮਿਆਂ ਨਾਲੋਂ ਵੀ ਵਧੀਕ ਚੜ੍ਹਦੀਆਂ ਕਲਾ ਵਿਚ ਸੰਭਾਲਿਆ। ਹਜ਼ੂਰ ਨੇ ਬਾਬੇ ਦੇ ਤਖ਼ਤ ਨੂੰ ਸਥਿਰ ਰੱਖਣ ਦੇ ਨੁਕਤਾ ਨਿਗਾਹ ਨਾਲ ਬੇਅੰਤ ਕੁਰਬਾਨੀਆਂ ਕੀਤੀਆਂ, ਇਥੋਂ ਤੱਕ ਕੇ ਸਰਵੰਸ ਤਕ ਨਿਉਛਾਵਰ ਕਰ ਦਿੱਤਾ, ਜਿਸ ਦੇ ਨਤੀਜੇ ਦੇ ਤੌਰ ਤੇ ਬਾਬਰ ਕਿਆਂ ਦਾ ਤਖ਼ਤ ਘੱਟ ਤੋਂ ਘੱਟ ਪੰਜਾਬ ਵਿਚ ਮੂਧਾ ਪੇ ਗਿਆ ਤੇ ਉਸਦਾ ਆਸਣ ਖਾਲਸਾ ਜੀ ਨੇ ਸੁਭਾਇਮਾਨ ਕੀਤਾ। ਪਰ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਤੋਂ ਪਿੱਛੋਂ ਖਾਲਸਾ ਆਪਣੀ ਸਿੱਖੀ ਅਤੇ ਰਾਜਨੀਤੀ ਦੇ ਮਾਰਗ ਤੋਂ ਵਿਚਲਤ ਤੇ ਪਤਿਤ ਹੋ ਗਿਆ, ਜਿਸ ਦਾ ਸਿੱਟਾ ਰਾਜ ਪਾਟ ਖੁਸਣ ਦੇ ਰੂਪ ਵਿਚ ਨਿਕਲਿਆ। ਬਾਬਰ ਦਾ ਤਖ਼ਤ ਹੁਣ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਸੀ, ਅਤੇ ਉਹ ਵੀ ਇਹ ਵੇਖ ਕੇ ਪ੍ਰਸੰਨ ਸਨ ਕਿ ਬਾਬੇ ਦਾ ਤਖ਼ਤ ਲਾਵਾਰਸ ਹੋ ਚੁੱਕਾ ਹੈ।ਸਿੱਖ ਰਾਜਸੀ, ਧਾਰਮਿਕ ਅਤੇ ਸਮਾਜਿਕ ਤੌਰ ਤੇ ਮੁਰਦਿਆਂ ਸਮਾਨ ਹੋ ਚੁੱਕੇ ਸਨ। ਉਨ੍ਹਾਂ ਦੀ ਇਸ ਦਸ਼ਾ ਨੂੰ ਦੇਖ ਕੇ ਫਿਰੰਗੀ ਬਹੁਤ ਪ੍ਰਸੰਨ ਸੀ ਪਰ ਉਹ ਇਹ ਦੇਖ ਕੇ ਇਕ ਦਮ ਘਾਬਰ ਗਏ ਕਿ ਪੰਜਾਬ ਦੇ ਇਕ ਤੇਜਸਵੀ ਸਿੱਖ ਨੇ ਜੋ ਖਾਲਸੇ ਰਾਜ ਦੇ ਸਮੇਂ ਫੋਜੀ ਨੌਕਰੀ ਰਹਿ ਚੁੱਕਾ ਸੀ, ਅੰਗ੍ਰੇਜ਼ ਦੇ ਮੁਕਾਬਲੇ ਤੇ ਇਕ ਨਵੀਂ ਲਹਿਰ ਚਲਾ ਕੇ ਬਾਬੇ ਦਾ ਤਖ਼ਤ ਨਵੇਂ ਸਿਰੇ ਬਹਾਲ ਕਰ ਦਿੱਤਾ ਹੈ। ਉਹ ਲਹਿਰ "ਕੂਕਾ ਲਹਿਰ" ਸੀ ਜੋ ਬੜੇ ਸੁਚੱਜੇ ਢੰਗ ਨਾਲ ਜੱਥੇਬੰਦੀ ਕੀਤੀ ਗਈ ਸੀ। ਹਰ ਜ਼ਿਲੇ ਵਿਚ ਇਕ ਅਫਸਰ ਨੀਯਤ ਕੀਤਾ ਗਿਆ, ਜਿਸ ਨੂੰ "ਸੂਬਾ"(ਯਾ ਗਵਰਨਰ) ਕਹਿ ਕੇ ਪੁਕਾਰਿਆ ਜਾਂਦਾ ਸੀ। ਹਰ ਤਸੀਲ ਵਿਚ 'ਤਸੀਲ ਜੱਥੇਦਾਰ', ਹਰ ਥਾਣੇ ਵਿਚ 'ਥਾਣਾ ਜੱਥੇਦਾਰ' ਤੇ ਹਰ ਪਿੰਡ ਵਿਚ 'ਪੈਂਡੂ ਜੱਥੇਦਾਰ' ਕਾਇਮ ਕੀਤੇ ਗਏ ਹਨ। ਸਰਕਾਰੀ ਅਦਾਲਤਾਂ, ਸਕੂਲਾਂ, ਨੌਕਰੀਆਂ, ਵਿਦੇਸ਼ੀ ਬਸਤਰਾਂ, ਤਾਰ ਘਰਾਂ ਅਤੇ ਡਾਕਖਾਨਿਆਂ ਤੱਕ ਦਾ ਬਾਈਕਾਟ ਕੀਤਾ ਗਿਆ।ਆਪਣੀਆਂ ਹੀ ਪੰਚਾਇਤਾਂ, ਆਪਣੇ ਹੀ ਹਾਕਮ, ਆਪਣੇ ਆਸ਼ਰਮ ਅਤੇ ਆਪਣਾ ਹੀ ਡਾਕ ਮਹਿਕਮਾ ਜੱਥੇਬੰਦ ਕੀਤਾ ਗਿਆ। ੧੮੫੭ ਈ: ਵਸਾਖੀ ਤੋਂ ਲੈ ਕੇ ੧੮੬੩ ਈ: ਤਕ ਲਹਿਰ ਜੱਥੇਬੰਦ ਹੋ ਕੇ ਚੰਗੀ ਤਰ੍ਹਾਂ ਨਿਗੱਰ ਹੋ ਚੁੱਕੀ ਸੀ। ਅੰਗ੍ਰੇਜ਼ ਇਸ ਨੂੰ ਇਕ ਧਾਮਰਮਿਕ ਯਾ ਸਮਾਜਿਕ ਲਹਿਰ ਤੋਂ ਵਦੀਕ ਨਹੀਂ ਸੀ ਸਮਝਦਾ। ੧੮੬੩ ਈ: ਤੋਂ ਲੈ ੧੮੭੨ ਈ: ਦੇ ਆਰੰਭ ਤੱਕ ਬਰਤਾਨਵੀ ਸਰਕਾਰ ਨਾਲ ਇਸ ਦੀ ਉਹ ਟੱਕਰ ਹੋਈ ਕਿ ਪਾਲੀਮੈਂਟ ਇੰਗਲੈਂਡ ਦੀਆਂ ਕੰਧਾਂ ਇਸਦੇ ਰਾਜਨੀਤਕ ਭੂਚਾਲ ਨਾਲ ਕੰਬ ਉਠੀਆਂ। ਸਤਿਯਾ-ਗ੍ਰਹ ਤੇ ਨਾਮ-ਮਿਲਵਰਤਨ ਦੇ ਆਦਰਸ਼ ਜੋ ੧੯੨੦ ਵਿਚ ਮਹਾਤਮਾ ਗਾਂਧੀ ਨੇ ਕਾਂਗਰਸ ਨੂੰ ਦਿੱਤੇ ਹਨ। "ਕੁਕਾ ਲਹਿਰ" ਦੇ ਸੰਚਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਾਂਗਰਸ ਦੇ ਜਨਮ ਤੋਂ ਕਈ ਸਾਲ ਪਹਿਲਾਂ ਹੀ ਪ੍ਰਚੱਲਤ ਕਰ ਦਿੱਤੇ ਸਨ,

ਜਿਨ੍ਹਾਂ ਨੂੰ ਲੱਖਾਂ ਹੀ ਨਾਮਧਾਰੀਆਂ ਸਿੱਖਾਂ ਨੇ ਅਮਲੀ ਤੌਰ ਤੇ ਗ੍ਰਹਿਣ ਕਰ ਲਿਆ ਸੀ। ਅੰਗ੍ਰੇਜ਼ ਹਕੂਮਤ ਨੂੰ ਇਹ ਨਿਸ਼ਚਾ ਹੋ ਗਿਆ ਸੀ ਕਿ ਲੱਖਾਂ ਹੀ ਸਿੱਖਾਂ ਦੀ ਸ਼੍ਰਧਾ ਅਤੇ ਵਿਸ਼ਵਾਸ ਦਾ ਕੇਂਦਰ ਹੁਣ ਰਾਮ ਸਿੰਘ ਕੂਕਾ ਹੈ। ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗ੍ਰੇਜ਼ ਚਿੜ ਕੇ 'ਕੂਕਾ' ਆਖਦਾ ਸੀ। ਜਿਸ ਦਾ ਭਾਵ ਸੀ ਕਿ ੧੮੫੭ ਈ: ਤੋਂ ਬਾਦ ਉਸਨੇ ਆਪਣੀ ਦਮਨ ਨੀਤੀ ਨਾਲ ਹੋਰ ਤਾਂ ਸਭ ਸੁਸਾਇਟੀਆਂ ਤੇ ਵਿਅਕਤੀਆਂ ਦੀਆਂ ਜੁਬਾਨਾਂ ਬੰਦ ਕਰ ਦਿੱਤੀਆਂ। ਜਿਸ ਕਰਕੇ ਕੋਈ ਵੀ ਸਮਾਜ ਯਾ ਉਸਦਾ ਕੋਈ ਮੈਂਬਰ ਅੰਗ੍ਰੇਜ਼ ਦੇ ਵਿਰੁੱਧ ਇਕ ਸ਼ਬਦ ਵੀ ਕਹਿਣਾ ਮੌਤ ਦੇ ਵਾਰੰਟਾਂ ਤੇ ਦਸਤਖਤ ਕਰਨ ਦੀ ਸੂਲ ਸਮਝਦਾ ਸੀ। ਪਰ ਸ੍ਰੀ ਸਤਿਗਗੁਰੂ ਰਾਮ ਸਿੰਘ ਜੀ ਅਤੇ ਉਸਦੇ ਸਿੱਖਾਂ ਨੇ ਦੇਸ਼ ਸੁਤੰਤਰ ਕਰਾਉਣ ਵਾਸਤੇ ਨਵੇਂ ਸਿਰੇ ਕੂਕਣਾ ਸੁਰੂ ਕਰ ਦਿੱਤਾ ਸੀ। ਇਸ ਲਈ ਸਰਕਾਰੀ ਕਾਗਜਾਂ ਵਿਚ ਹਰ ਥਾਂ ਤੇ ਨਾਮਧਾਰੀ ਸਿੱਖਾਂ ਨੂੰ 'ਕੂਕੇ' ਕਹਿ ਕੇ ਪੁਕਾਰਿਆ ਜਾਂਦਾ ਹੈ। ਗੱਲ ਕੀ ਇਸ ਲਹਿਰ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਅੰਗਰੇਜ਼ਾਂ ਦਾ ਨੱਕ ਵਿਚ ਦਮ ਲੈ ਆਂਦਾ, ਛੇਕੜ ਸਿੱਖ ਰਾਜਿਆਂ, ਜਗੀਰਦਾਰਾਂ, ਰਈਸਓ, ਗੁਰਦੁਆਰਿਆਂ ਦੇ ਪੁਜਾਰੀਆਂ ਅਤੇ ਮਹੰਤਾਂ ਦੀ ਮਦਦ ਨਾਲ ਅੰਗ੍ਰੇਜ਼ ਨੇ ਇਸ ਲਹਿਰ ਨੂੰ ਕੁਚਲ ਦੇਣ ਦਾ ਪ੍ਰੋਗਰਾਮ ਬਣਾਇਆ। ਜਿਸਦੇ ਫਲਸਰੂਪ ਵਿਖੇ ਨਾਮਧਾਰੀ ਸਿੱਖ ਤੋਪਾਂ ਨਾਲ ਉਡਾਏ ਗਏ, ਫਾਂਸੀ ਚਾੜੇ ਗਏ ਅਤੇ ਜਲਾਵਤਨ ਕੀਤੇ ਗਏ, ਸਤਿਗੁਰੂ ਰਾਮ ਸਿੰਘ ਜੀ ਨੂੰ ੧੮੧੮ ਈ: ਦੇ ਰੈਗੂਲੇਸ਼ਨ ੩ ਦੇ ਅਧਾਰ ਤੇ ਪ੍ਰੋਯਾਗ ਦੇ ਕਿਲੇ ਵਿਚ ਨਜ਼ਰਬੰਦ ਕੀਤਾ ਗਿਆ ਅਤੇ ਨਾਮਧਾਰੀ ਮਾਤ੍ਰ ਨੂੰ ਬਾਗੀ ਕਰਾਰ ਦੇ ਕੇ ਆਪਣੇ ਪਿੰਡਾਂ ਤੇ ਸ਼ਹਿਰਾਂ ਵਿਚ ਨਜਰਬੰਦ ਕਰ ਦਿੱਤਾ ਗਿਆ।ਪੰਜਾਂ ਤੋਂ ਵਧੀਕ ਨਾਮਧਾਰੀ ਇਕੱਠਾਂ ਤੇ ਪਾਬੰਧੀ ਲਾ ਦਿੱਤੀ ਗਈ। ਸ੍ਰੀ ਭੈਣੀ ਸਾਹਿਬ ਦੇ ਦਰਵਾਜੇ ਅਗੇ ਪੁਲਸ ਦੀ ਚੌਂਕੀ ਬਿਠਾਂ ਦਿੱਤੀ ਗਈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਪਰਵਾਰ ਸਮੇਤ ਉਹਨਾਂ ਦੇ ਡੇਰੇ ਦੀ ਚਾਰ ਦੀਵਾਰੀ ਅੰਦਰ ਹੀ ਨਜ਼ਰਬੰਦ ਕਰ ਦਿੱਤਾ ਗਿਆ। ਸਿੱਖਾਂ ਵਾਸਤੇ ਗੁਰਦੁਆਰੇ ਦੇ ਦਰਵਾਜੇ ਬੰਦ ਕਰ ਦਿੱਤੇ ਗਏ।

**ਸਿੰਘ ਸਭਾ ਦਾ ਜਨਮ**

ਅੰਗ੍ਰੇਜ਼ੀ ਹਕੂਮਤ ਨੇ ਬਾਬੇ ਕੇ ਤਖ਼ਤ ਨੂੰ ਸਦਾ ਲਈ ਖਾਲੀ ਰੱਖਣ ਦੀ ਕੋਈ ਸਕੀਮ ਚਾਲੂ ਕਰਨ ਦਾ ਇਕ ਚੰਗਾ ਮੌਕਾ ਤਾੜਿਆ ਤੇ ਉਸ ਨੇ ਸਿੱਖਾਂ ਦੀ ਹੀ ਮਦਦ ਨਾਲ ਉਸ ਤਰ੍ਹਾਂ ਦੀ ਇਕ ਸੰਸਥਾਂ ਕਾਇਮ ਕੀਤੀ ਜਿਸ ਤਰ੍ਹਾਂ ਦੀ ਅੰਗਰੇਜ਼ ਯਾ ਕਾਂਗਰਸ ਦੇ ਮੁਕਾਬਲੇ ਤੇ ਮੁਸਲਿਮ ਲੀਗ ਕਾਇਮ ਕੀਤੀ ਗਈ ਸੀ। ਇਸ ਐਗਲੋ ਸਿੱਖ ਸੰਸਥਾ ਦਾ ਨਾਉਂ "ਸਿੰਘ ਸਭਾ" ਰੱਖਿਆ ਗਿਆ। ਜਿਸ ਦਾ ਅਸਲ ਮੰਤਵ (ਮੇਨ ਆਬਜੈਕਟ) (੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅਗੇ ਦੇਹਧਾਰੀ ਗੁਰੂ ਦੀ ਸਿਲਸਿਲਾ ਬੰਦੀ ਦਾ ਪ੍ਰਚਾਰ ਅਤੇ (੨) ਸਿੱਖਾਂ ਨੂੰ ਅੰਗਰੇਜ਼ਾਂ ਦੇ ਵਿਰੁੱਧ ਬਾਗ਼ਯਾਨਾਂ ਸਰਗਰਮੀਆਂ ਤੋਂ ਬਾਜ ਰੱਖਣ ਵਾਸਤੇ ਅੰਗਰੇਜ਼ ਵਫਾਦਾਰੀ ਦਾ ਟੀਕਾਕਰਨ(Injunction) ਕਰਨਾ ਅਤੇ (੩) ਨਾਮਧਾਰੀ ਸਿੱਖਾਂ ਦੀ ਦੇਸ਼-ਸੁਤੰਤਰਤਾ ਦੀ ਲਹਿਰ ਨੂੰ ਫਿਰਕੂ, ਸ਼ਰਾਰਤੀ ਭਰੀ ਅਤੇ ਫਸਾਧੀਆਂ ਦੀ ਲਹਿਰ ਕਹਿ ਕੇ ਅਜੇਹਾ ਭੰਡਣਾ ਸੀ ਜਿਸ ਨਾਲ ਨਾ ਕੇਵਲ ਵਰਤਮਾਨ ਸਿੱਖ ਜਾਗੇ ਸਗੋਂ ਆਉਣ ਵਾਲੀਆਂ ਸਿੱਖ ਨਸਲਾਂ ਵੀ ਇਹਨਾਂ ਨੂੰ ਸਦਾ ਨਫਰਤ ਅਤੇ ਹਿਕਾਰਤ ਭਰੀ ਨਜ਼ਰ ਨਾਲ ਹੀ ਤੱਕਦੀਆਂ ਰਹਿਣ। ਪੂਰਵੋਕਤ ਮਨੋਰਥ ਦੀ ਪੂਰਤੀ ਹਿਤ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਫਾਰਮੂਲਾ ਬੜਾ ਹੀ ਪਸੰਦ ਕੀਤਾ ਗਿਆ, ਜੋ ਕਿ ਜਰਮਨ ਫਿਲਾਸਫਰ ਮਿਸਟਰ ਮਾਰਟਨ ਲੂਥਰ ਦੀ ਅੰਜੀਲ ਦੀ ਰਹਿਨੁਮਾਈ ਵਿਚ ਚੱਲਣ ਦੇ ਫਾਰਮੂਲੇ ਦੀ ਨਕਲ ਸੀ। ਪਰ ਅੰਗਰੇਜ਼ਾਂ ਅਤੇ ਸਿੰਘ ਸਭਾਵਾਂ ਦੀਆਂ ਮਿਲਵੀਆਂ ਕੋਸ਼ਿਸ਼ਾਂ ਦੇ ਬਾਵਜੂਦ ਬਾਬੇ ਦਾ ਤਖ਼ਤ ਖਾਲੀ ਨਾ ਹੋ ਸਕਿਆ। ਨਾਮਧਾਰੀ ਦ੍ਰਿਸ਼ਟੀ ਕੋਣ ਅਨੁਸਾਰ ਐਸ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਬੇ ਕੀ ਸੇਵਾ ਵਿਚ ਤੱਤਪਰ ਹਨ, ਪਰ ਅੰਗਰੇਜ਼ ਹਕੂਮਤ ਦੀ ਉਪਜ ਅੰਗਰੇਜ਼ੀ ਸਿੱਖ ਜੀ ਅੰਗਰੇਜ਼ੀ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹ ਕੇ ਅਜੇ ਵੀ ਓਸੇ ਅਸਰ ਹੇਠ ਜੀਵਨ ਬਤੀਤ ਕਰ ਰਹੇ ਹਨ, ਇਸ ਵੱਲ ਕੈਰੀ ਨਜ਼ਰ ਨਾਲ ਤੱਕਦੇ ਹਨ। ਸਤਿਗੁਰੂ ਉਹਨਾਂ ਨੂੰ ਸੁਮੱਤ ਪ੍ਰਦਾਨ ਕਰਨ, ਤਾਂਕਿ ਉਹਨਾਂ ਦੇ ਦਿਲਾਂ ਵਿਚੋਂ ਇਕ ਰਾਜਨੀਤਕ ਸਾਜ਼ਸ਼

ਦੇ ਅਧੀਨ ਪੈਦਾ ਹੋਏ- "ਐਂਟੀ ਦੇਹਧਾਰੀ ਗੁਰੂ" ਦੇ ਸੰਸਕਾਰ ਨਿਕਲ ਸਕੱਣ, ਜੋ ਉਸੇ ਗ੍ਰੰਥ ਦੀ ਬਾਣੀ ਦੇ ਉਲਟ ਹਨ ਜਿਸ ਦੇ ਗੁਰੂ ਹੋਣ ਦਾ ਉਹ ਢੰਡੋਰਾ ਪਿਟ ਰਹੇ ਹਨ।

ਸਿੰਘ ਸਭਾ ਬਾਬਤ ਇਹ ਗਲ ਯਾਦ ਰੱਖਣ ਵਾਲੀ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ੧੮੭੨ ਈ: ਵਿਚ ਪ੍ਰਦੇਸ਼ ਜਲਾਵਤਨ ਕੀਤਾ ਗਿਆ ਹੈ ਅਤੇ ਸਿੰਘ ਸਭਾ ੧੮੭੩ ਈਸਵੀ ਵਿਚ ਕਾਇਮ ਕੀਤੀ ਗਈ। ਇਹ ਸਭਾ ਦੀ ਨਿਯਮਵਾਲੀ (Consititution) ਦੇ ਨਿਯਮ ੬,੭,੮,੯ ਅਤੇ ਦਸ ਦਾ ਇਹ ਸਾਰ ਹੈ:-

(੧) ਸਿੰਘ ਸਭਾ ਨਾਮਧਾਰੀਆ ਦਾ ਵਿਰੋਧ ਕਰਨ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅੰਗਰੇਜ਼ੀ ਰਾਜ ਵਿਰੋਧੀ ਲਹਿਰ ਦਾ ਅਸਰ ਖਤਮ ਕਰਨ ਦਾ ਉਪਦੇਸ਼ ਨਾਲ ਕਾਇਮ ਕੀਤੀ ਗਈ ਸੀ।

(੨) ਇਹ ਸਿੱਖਾਂ ਦੇ ਅੰਦਰ ਅੰਗਰੇਜ਼ੀ ਗੁਲਾਮੀਂ ਦਾ ਭਾਵ ਕੁੱਟ ਕੁੱਟ ਕੇ ਭਰਨ ਦੇ ਮੰਤਵ ਨਾਲ ਸਾਜੀ ਗਈ ਸੀ।

(੩) ਇਹ ਸਿੱਖਾਂ ਨੂੰ ਦੇਹਧਾਰੀ ਗੁਰੂ ਦੇ ਗੁਰਬਾਣੀ ਅੰਕਿਤ ਸਿਧਾਂਤ ਤੋਂ ਬੇਮੁਖ ਕਰਨ ਹਿਤ ਚਾਲੂ ਕੀਤੀ ਗਈ ਸੀ। ਇਸਦੇ ਸਬੂਤ ਹਨ:-

ਸਿੰਘ ਸਭਾ ਦੀ ਨਿਯਮਾਵਲੀ ਦੇ ਨਿਯਮ ਵਿਚ ਲਿਖਿਆ ਹੈ ਕਿ ਜੋ ਸਿੱਖ ਤਖ਼ਤਾਂ ਤੋਂ ਖ਼ਾਰਜ ਹਨ ਅਥਵਾ ਜੋ ਸਰਕਾਰ ਦੇ ਨਜ਼ਦੀਕ ਮੁਫ਼ਸਦ (ਫਸਾਦੀ ਤੇ ਬਾਗ਼ੀ) ਗਿਣੇ ਗਏ ਹੋਵਣ, ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ। ਇਹ ਨਿਯਮ ਕੇਵਲ ਨਾਮਧਾਰੀ ਸਿੱਖਾਂ ਵਾਸੇ ਹੀ ਮਖ਼ਸੂਦ ਸੀ। ਸਰਕਾਰ ਦੇ ਨਜ਼ਦੀਕ ਉਹੀ ਉਸ ਵੇਲੇ ਮੁਫ਼ਸਦ ਤੇ ਬਾਗ਼ੀ ਹਨ ਅਤੇ ਉਹਨਾਂ ਨੂੰ ਹੀ ਅਕਾਲ ਬੁੰਗੇ ਦੇ ਪੁਜਾਰੀਆਂ ਦੀ ਮਾਰਫ਼ਤ ਤਖ਼ਤਾਂ ਤੇ ਗੁਰਦੁਆਰਿਆਂ ਤੋਂ ਖਾਰਜ਼ ਕੀਤਾ ਹੋਇਆ ਸੀ।

ਨਿਯਮ ਨੰਬਰ ੭ ਵਿਚ ਲਿਖਿਆ ਹੋਇਆ ਹੈ ਕਿ ਵੱਡੇ ਮਰਾਤਬੇ ਵਾਲੇ ਅੰਗਰੇਜ਼ ਬਹਾਦੁਰ ਮੈਂਬਰ ਬਣ ਸਕਦੇ ਹਨ।

ਨਿਯਮ ਨੰਬਰ ੯ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਬਾਤ ਸਰਕਾਰ ਦੇ ਤਲੱਕ (ਭਾਵ ਵਿਰੁੱਧ) ਨਹੀਂ ਕੀਤੀ ਜਾਏਗੀ। (ਇਸ ਦਾ ਭਾਵ ਇਹ ਹੈ ਕਿ ਇਹ ਸੰਸਥਾਂ ਕੇਵਲ ਅੰਗਰੇਜ਼ ਭਗਤ ਸਿੱਖਾਂ ਤਕ ਹੀ ਮਹਿਦੂਦ ਸੀ)

ਨਿਯਮ ਨੰਬਰ ੧੦ ਵਿਚ ਲਿਖਿਆ ਹੈ ਕਿ "ਖ਼ੈਰ ਖ਼ਾਹੀ ਕੌਮ ਫ਼ਰਮਾਬਰਦਾਰੀ ਸਰਕਾਰੀ" ਅਰਥਾ ਸਿੰਘ ਸਭਾ ਸਰਕਾਰ ਦੀ ਵਫਾਦਾਰ ਤੇ ਸ਼ੁਭ ਚਿੰਤਕ ਰਹਿ ਕੇ ਸਿੱਖ ਕੌਮ ਦੀ ਸੇਵਾ ਕਰੇਗੀ।

ਉਪਰੋਕਤ ਨਿਮ ਤੋਂ ਇਹ ਗਲ ਸਾਫ ਹੋ ਜਾਂਦੀ ਹੈ ਕਿ "ਸਿੰਘ ਸਭਾ" ਸਰਕਾਰ ਅਤੇ ਉਸ ਦੇ ਅਸਰ ਹੇਠ ਆਏ ਅੰਗ੍ਰੇਜ਼ੀ ਸਿੱਖਾਂ ਦੀ ਰਲਕੇ ਬਣਾਈ ਹੋਈ ਸੁਸਾਇਟੀ ਸੀ, ਜਿਸ ਦੇ ਉਦੇਸ਼ ਇਕ ਤਾਂ ਇਹ ਪ੍ਰਾਪੇਗੈਂਡਾ ਕਰਨਾ ਸੀ ਜਿਸ ਨਾਲ ਉਨ੍ਹਾਂ ਸਿੱਖਾਂ ਦੇ ਵਿਰੁੱਧ ਨਫ਼ਰਤ ਦਾ ਜ਼ਜ਼ਬਾ ਪੈਦਾ ਕੀਤਾ ਜਾ ਸਕੇ, ਜਿਨ੍ਹਾਂ ਨੇ ਸਿੱਖ ਰਾਜ ਨੂੰ ਮੁੜ ਬਹਾਲ ਕਰਨ ਦੇ ਮੰਤਵ ਨਾਲ ਸ਼ਾਨਦਾਰ ਕੁਰਬਾਨੀਆਂ ਕੀਤੀਆਂ ਅਤੇ ਦੂਜੇ ਉਨ੍ਹਾਂ ਕੌਮ ਧ੍ਰੋਹੀ ਅਤੇ ਗਦਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਰਧਾਲੂ ਕਹਿ-ਕਹਿ ਕੇ ਕੌਮ ਦੇ ਨੇਤਾ ਜ਼ਾਹਰ ਕਰਨਾ, ਜ੍ਹਿਨਾਂ ਨੇ ਅੰਗ੍ਰੇਜ਼ ਨਾਲ ਰਲ ਕੇ ਰਾਜ ਪਲਟਾਊ ਪ੍ਰਵਾਨਿਆਂ ਨੂੰ ਤਬਾਹ ਕਰਨ ਦੇ ਇਨਾਮ ਵਿਚ ਜਗੀਰਾਂ ਪ੍ਰਾਪਤ ਕੀਤੀਆਂ ਹਨ, ਜਿਨਾਂ ਦਾ ਸਦਕਾ, ਉਹ ਹੁਣ ਤਕ ਐਸ਼ਾਂ ਤੇ ਬਹਾਰਾਂ ਲੁਟਦੇ ਰਹੇ ਹਨ।

## (੩) ਮਾਸ ਨਿਸ਼ੇਧ

ਨਾਮਧਾਰੀ ਸਿੱਖਾਂ ਦਾ ਤੀਜਾ ਸਿਧਾਂਤ "ਅਹਿੰਸਾ" ਦੇ ਅਸੂਲ ਤੇ ਨਿਰਭਰ ਹੈ। ਨਾਮਧਾਰੀ ਪੰਥ ਦੇ ਝੰਡੇ ਹੇਠ ਆਉਣ ਵਾਲੇ ਵਿਅਕਤੀ ਨੂੰ ਇਸ ਗਲ ਦਾ ਪ੍ਰਣ ਕਰਨਾ ਪੈਂਦਾ ਹੈ ਕਿ ਉਹ ਕਿਸੇ ਤਰ੍ਹਾਂ ਦਾ ਮਾਸ ਕਦੇ ਵੀ ਨਹੀਂ ਖਾਏਗਾ। ਉਸ ਦਾ ਅਹਾਰ ਸ਼ੁਧ ਸਤੋਗੁਣੀ ਅਤੇ ਵੈਸ਼ਨਵ ਹੋਵੇਗਾ। ਨਾਮਧਾਰੀ ਪੰਥ ਨੂੰ ਅੱਜ ਇਸ ਗਲ ਦਾ ਮਾਨ ਹੈ ਕਿ ਉਸ ਦੇ ਇਸ ਸਿਧਾਂਤ ਨੂੰ ਆਲਮਗੀਰ ਸ਼ੋਹਰਤ (Universal Reputation) ਹਾਸਿਲ ਹੋ ਗਈ ਹੈ। ਉਸ ਦਾ ਇਹ ਸਿਧਾਂਤ ਅੱਜ "ਜੀਵੋ ਤੇ ਜੀਉਣ ਦੇਵੋ" (Live and let live) ਦੇ ਰੂਪ ਵਿਚ ਸ੍ਰੀ ਯੁਤ ਪੰਡਿਤ ਨਹਿਰੂ ਪ੍ਰਧਾਨ ਮੰਤਰੀ ਭਾਰਤ ਯੂਨੀਅਨ

ਦੇ ਪੰਜ ਸ਼ਿਲਾ ਦੀ ਪਹਿਲੀ ਕੜੀ ਸਾਬਿਤ ਹੋ ਰਿਹਾ ਹੈ। ਨਿਰਸੰਦੇਹ ਮਾਨਵੀ ਧਰਮ ਦਾ ਇਹ ਸ਼੍ਰੋਮਣੀ ਸਿਧਾਂਤ ਸੰਸਾਰ ਭਰ ਵਿਚ ਅਮਨ ਸ਼ਾਂਤੀ ਦਾ ਜਾਮਨ ਸਿੱਧ ਹੋ ਸਕਦਾ ਹੈ। ਅੱਜ ਇਸ ਦੇ ਮੁਖ ਪ੍ਰਚਾਰਕ ਪੰਡਿਤ ਨਹਿਰੂ ਜੀ ਦੇ ਪ੍ਰਿਸ਼ਰਮ ਨਾਲ ਇਕ ਦੋ ਛੋਟੇ ਛੋਟੇ ਦੇਸ਼ਾਂ ਤੋਂ ਬਿਨਾਂ ਇਹ ਸਾਰਾ ਏਸ਼ੀਆ ਅਤੇ ਬਾਕੀ ਦੁਨੀਆਂ ਬਹੁਤ ਤਗੜਾ ਹਿੱਸਾ ਭਾਰਤ ਦੇ ਇਸ ਸੁਨਹਿਰੀ ਅਸੂਲ ਅਗੇ ਆਦਰ ਨਾਲ ਸਿਰ ਝੁਕਾ ਰਹੇ ਹਨ। ਨਿਰਸੰਦੇਹ ਜੇ ਮਨੁੱਖ ਕਿਸੇ ਨੂੰ ਵੀ ਨਾ ਦੁਖਾਣ ਦਾ ਪ੍ਰਣ ਕਰ ਲਵੇ ਤੇ ਦੁਨੀਆਂ ਵਿਚ ਨਾ ਫੌਜਾਂ ਦੀ ਲੋੜ ਰਹਿ ਜਾਂਦੀ ਹੈ ਅਤੇ ਨਾ ਹਥਿਆਰਾਂ ਦੀ ਜੇ ਹਰ ਇਕ ਦੀ ਜਾਨ ਨੂੰ ਆਪਣੀ ਜਾਨ ਦੀ ਤਰ੍ਹਾਂ ਕੀਮਤ ਅਤੇ ਲੁੜੀਂਦੀ ਸਮਝਿਆ ਜਾਏ ਤਾਂ ਕਿਸੇ ਦੇ ਗਰਦਨ ਉੱਤੇ ਛੁਰੀ ਯਾ ਤਲਵਾਰ ਚਲਾਣ ਦਾ ਭਾਵ ਹੀ ਪੈਦਾ ਨਹੀਂ ਹੁੰਦਾ। ਪ੍ਰਾਚੀਨ ਕਾਲ ਵਿਚ ਸ੍ਰੀ ਮਹਾਂਬੀਰ ਅਤੇ ਮਹਾਤਮਾ ਬੁੱਧ ਜੀ ਨੇ ਇਸ ਸਿਧਾਂਤ ਨੂੰ ਬੜੇ ਉਤਸ਼ਾਹ ਨਾ ਪ੍ਰਚਾਰਿਆਂ। ਇਸ ਯੁਗ ਵਿਚ ਮਹਾਤਮਾ ਗਾਂਧੀ ਨੇ ਇਸ ਦਾ ਪ੍ਰਸੰਸਾ ਯੋਗ ਪ੍ਰਚਾਰ ਕੀਤਾ ਹੈ। ਸਿੱਖ ਧਰਮ ਸੰਚਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਦਇਆ ਨੂੰ- "ਧਰਮ ਦੀ ਮਾਤਾ' ਹੋਣ ਦਾ ਮਾਨ ਦਿੱਤਾ ਸੀ। ਪਰ ਉਸ ਦੇ ਅਨੇਕਾਂ ਨਾਮਲੇਵਾ ਮਾਸ ਖਾਣ ਅਰਥ ਦਇਆ ਰੂਪ ਮਾਤਾ ਦਾ ਹੀ ਖ਼ੂਨ ਕਰਨ ਲਈ ਤਿਆਰ ਬਰ ਤਿਆਰ ਰਹਿੰਦੇ ਹਨ। ਜੇ ਸਿੱਖ ਧਰਮ ਨੂੰ ਮਨੁੱਖਤਾ ਦਾ ਪ੍ਰਤੀਨਿਧ ਮੰਨ ਲਿਆ ਜਾਏ ਤਾਂ ਉਸਦੇ ਪੈਰੋਕਾਰਾਂ ਵਲੋਂ ਬੇਜ਼ੁਬਾਨਾਂ ਉੱਤੇ ਜ਼ੁਲਮ ਕਰਨਾ ਉੱਕਾ ਭੀ ਸ਼ੋਭਾ ਨਹੀਂ ਦਿੰਦਾ। ਕਿਸੇ ਮਨੁੱਖ ਵਾਸਤੇ ਜੇ ਉਹ ਸਿੱਖ ਹੋਣ ਦਾ ਵੀ ਦਾਵਾ ਕਰਦਾ ਹੈ, ਆਪਣੀ ਸ਼ਕਤੀ ਦੀ ਵਰਤੋਂ ਨਿਰਬਰ ਅਰ ਨਿਰਦੋਸ਼ ਜਾਨਵਰਾਂ ਨੂੰ ਹਾਨੀ ਪੁਚਾਣ ਯਾ ਖ਼ਤਮ ਕਰਨ ਵਾਸਤੇ ਮਾਨਵੀ ਸੱਭਿਅਤਾ ਦਾ ਦਿਵਾਲਾ ਕੱਢਣ ਦੇ ਤੁੱਲ ਹੈ।

ਮਨੁੱਖ ਜੇ ਸਰਬ ਸ਼੍ਰੋਮਣੀ ਨਸਲ ਹੋਣ ਦਾ ਦਾਅਵੇ ਦਾਰ ਹੈ ਤਾਂ ਉਸ ਲਈ ਇਹ ਗਲ ਕਿਸੇ ਤਰ੍ਹਾਂ ਵੀ ਸ਼ੋਭਾ ਨਹੀਂ ਦਿੰਦੀ ਕਿ ਉਹ ਆਪਨੇ ਪੇਟ ਨੂੰ ਜਾਨਵਰਾਂ ਦਾ ਕਬਰਸਤਾਨ ਬਣਾਣ ਦੀ ਚੇਸ਼ਟਾ ਕਰੇ। ਆਪਣੀ ਜੀਭਾ ਦੇ ਸੁਆਦ ਬਦਲੇ ਮਾਸੂਮ ਜਾਨਵਰਾਂ ਦੇ ਕਤਲ ਪਰਲੇ ਦਰਜੇ ਦੀ ਖੁਦਗਰਜ਼ੀ ਤੇ ਅਨਿਆਂ ਹੈ। ਕਿਸੇ ਸ਼ਾਇਰ ਨੇ ਕਿਹਾ ਹੈ ਕਿ-

**"ਦੇਖ ਕਰ ਚਲਣਾ ਕੁਚਲ ਜਾਏ ਨਾ ਚਿਉਂਟੀ ਰਾਹ ਮੇਂ।**
**ਆਦਮੀ ਕੋ ਬੇਜ਼ੁਬਾਨੋਂ ਸੇ ਭੀ ਉਲਫ਼ਤ ਚਾਹੀਏ।**

ਬਾਜ਼ੇ ਸੱਜਣਾਂ ਦਾ ਇਹ ਖਿਆਲ ਹੈ ਕਿ ਮਾਸ ਤਾਕਤ ਦੇਣ ਵਾਲੀ ਖੁਰਾਕ ਹੈ, ਪਰ ਇਹ ਠੀਕ ਨਹੀਂ। ਡਾਕਟਰ ਚੂਨੀ ਲਾਲ ਬੌਸ ਆਈ. ਐਸ.ਓ, ਐੱਮ. ਬੀ, ਐਫ. ਸੀ. ਐਫ ਰਾਸਾਇਨਾ ਚਾਰਯ ਕਾਇਮ ਮੁਕਾਮ ਐਗਜ਼ਮੀਨਰ ਬੰਗਾਲ ਗਵਰਮੈਂਟ ਨੇ ਇਸ ਵਿਸ਼ਯ ਵਿਚ ਹੇਠ ਲਿਖਿਆਂ ਬਿਆਨ ਸਾਇੰਸ ਕਨਵੈਂਸ਼ਨ ਦਾ ਸਾਹਮਣੇ ਸੰਨ ੧੯੧੮ ਈ: ਵਿਚ ਪੜ੍ਹਿਆ ਸੀ:-

"ਇਕ ਸਮਾਂ ਸੀ, ਜਦ ਕਿ ਮਾਸ ਸਭ ਤੋਂ ਵਧੀਕ ਬਲ ਪੈਦਾ ਕਰਨ ਵਾਲੀ ਖੁਰਾਕ ਸਮਝੀ ਜਾਂਦੀ ਸੀ, ਪਰ ਹੁਣ ਇਹ ਖਿਆਲ ਬਦਲ ਗਿਆ ਹੈ"

(ਪੰਨਾ ੧੦੪)

ਜਿੱਥੋਂ ਤੱਕ ਸਿੱਖ ਧਰਮ ਦਾ ਸੰਬਧ ਹੈ ਇਸ ਵਿਚ ਮਾਸ਼ ਖਾਣਾ ਨਿਸ਼ਿਦ ਹੀ ਨਹੀਂ, ਸਗੋਂ ਪਾਪ ਮੰਨਿਆਂ ਗਿਆ ਹੈ। ਪਰ ਖਾਣ ਵਾਲੇ ਤਬਕੇ ਨੇ ਇਸ ਗਲ ਦਾ ਕਾਫ਼ੀ ਪ੍ਰਚਾਰ ਕਰ ਦਿੱਤਾ ਹੈ, ਜਿਸ ਨਾਮ ਮਾਸ਼ ਸਿੱਖਾਂ ਦੀ ਖ਼ੁਰਾਕ ਦਾ ਲਾਜ਼ਮਾ ਪ੍ਰਸਿੱਧ ਹੋ ਗਿਆ ਹੈ। ਉਨ੍ਹਾਂ ਨੇ ਮਾਸ ਵਾਸਤੇ "ਮਹਾਂਪ੍ਰਸ਼ਾਦ" ਪਦ ਮਖ਼ਸੂਜ਼ ਕਰਕੇ ਇਸ ਨੂੰ ਕਾਫ਼ੀ ਵਡਿਆਣ ਦਾ ਉਪਰਾਲਾ ਕੀਤਾ ਹੈ। ਬਹੁਤ ਸਾਲਾਂ ਦੀ ਗਲ ਹੈ ਕਿ ਲੇਖਕ ਨੇ "ਸਤਿਗੁਰੂ" ਸਪਤਾਹਿਕ ਭੈਣੀ ਸਾਹਿਬ ਵਿਖੇ ਮਾਸ ਨਿਖੇਧੀ ਸਬੰਧੀ ਲੇਖਾਂ ਦਾ ਇਕ ਸਿਲਸਿਲਾ ਆਰੰਭਿਆ ਸੀ, ਜਿਸ ਵਿਚ ਦੱਸਿਆ ਸੀ ਕਿ ਸਿੱਖ ਧਰਮ ਅਨੁਸਾਰ ਮਾਸ ਖਾਣਾ ਪਾਪ ਹੈ ਤਾਂ ਇਸ ਦੇ ਉੱਤਰ ਵਿਚ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਪ੍ਰਸਿੱਧ ਅਕਾਲੀ ਆਗੂ ਨੇ ਇਕ ਅਖਬਾਰ ਵਿਚ ਇਸ ਅਨਵਾਨ ਹੇਠ ਲਿਖੇ ਪ੍ਰਕਾਸ਼ਤ ਕਰਵਾਇਆ ਸੀ ਕਿ ਸਿੱਖ ਧਰਮ ਵਿਚ ਮਹਾਂਪ੍ਰਸ਼ਾਦ ਨਾ ਖਾਣਾ ਪਾਪ ਹੈ। ਉਸ ਲੇਖ ਵਿਚ ਆਪ ਨੇ ਏਸ ਕਿਸਮ ਦੀਆਂ ਦਲੀਲਾਂ ਦਿੱਤੀਆਂ ਸਨ ਕਿ ਜੇ ਅਸੀਂ ਮਹਾਂਪ੍ਰਸ਼ਾਦ ਨਾ ਖਾਵਾਂਗੇ ਤਾਂ ਕੁੱਕੜ ਤੇ ਬੱਕਰੇ ਆਦਿ ਜਾਨਵਰ ਏਨੇ ਵਧ ਜਾਣਗੇ

ਕਿ ਉਹ ਸਾਰੀ ਧਰਤੀ ਹੀ ਮਲ ਲੈਣਗੇ ਤੇ ਸਾਨੂੰ ਖੇਤੀ ਕਰਨ ਲਈ ਥਾਂ ਨਹੀਂ ਮਿਲੇਗੀ। ਅਸੀਂ ਨਿਰਬਲ ਹੋ ਜਾਵਾਂਗੇ। ਸਾਡੇ ਅੰਦਰ ਮਾਰਸ਼ਲ ਸਪਿਰਿਟ ਪੈਦਾ ਨਹੀਂ ਹੋਵੇਗੀ ਆਦਿ। ਇਸ ਕਰਕੇ ਲੇਖਕ ਨੂੰ ੧੬੦ ਪੰਨਿਆਂ ਦੀ ਇਕ ਪੁਸਤਕ ਲਿਖਣਾ ਪਿਆ ਸੀ ਜਿਸਦਾ ਨਾਉ "ਸਿੱਖ ਧਰਮ ਤੇ ਮਾਸ" ਹੈ। ਇਹ ਪੁਸਤਕ ੧੯੪੧ ਈ: ਮੁਤਾਬਕ ੧ ਹਾੜ ੧੯੯੮ ਬਿਕ੍ਰਮੀਂ ਨੂੰ ਛਪਿਆ ਸੀ, ਜਿਸ ਨੂੰ ਪੜ੍ਹ ਕੇ ਸੈਂਕੜੇ ਮਹਾਂਪ੍ਰਸ਼ਾਦੀਆਂ ਨੇ ਮਾਸ ਅਹਾਰ ਨੂੰ ਸਦਾ ਲਈ ਨਮਸਕਾਰ ਕਰ ਦਿੱਤੀ।

**ਮਾਸ ਨਿਸ਼ੇਧਕ ਪ੍ਰਮਾਣ**

ਹਰ ਧਰਮ ਵਿਚ ਸ੍ਵਤਾ ਪ੍ਰਮਾਣ ਅਤੇ ਪ੍ਰਤਾ ਪ੍ਰਮਾਣ ਭੇਦ ਕਰਕੇ ਦੋ ਤਰ੍ਹਾਂ ਦੇ ਗ੍ਰੰਥ ਹੁੰਦੇ ਹਨ। ਹਿੰਦੂਆਂ ਵਿਚ ਬੇਦ ਸ੍ਵਤਾ ਪ੍ਰਮਾਣ ਅਤੇ ਸ਼ਾਂਸ਼ਤ੍ਰ ਸਿਮ੍ਰਤੀਆਂ ਅਰ ਪੁਰਾਣ ਪ੍ਰਤਾ ਪ੍ਰਮਾਣ ਹਨ। ਇਸਲਾਮ ਅੰਦਰ ਕੁਰਾਮ ਸ਼ਰੀਫ਼ ਸ੍ਵਤਾ ਪ੍ਰਮਾਣ, ਅਰ ਹਦੀਸਾਂ, ਤੇ ਤਵਾਰੀਖ਼ੀ ਕਿਤਾਬਾਂ ਪ੍ਰਤਾ ਪ੍ਰਮਾਣ ਅਤੇ ਹੋਰ ਸਾਰਾ ਸਿੱਖ ਇਤਿਹਾਸ ਪ੍ਰਤਾ ਪ੍ਰਮਾਣ ਹੈ। ਸ੍ਰੀ ਮਾਨ ਭਾਈ ਗੁਰਦਾਸ ਅਤੇ ਦੀਵਾਨ ਨੰਦ ਲਾਲ ਦੀਆਂ ਰਚਨਾਵਾਂ ਗੁਰੂ ਪੰਚਮ ਅਤੇ ਦਸਮ ਪਾਤਸਾਹ ਦੁਆਰਾ ਸ੍ਵੀਕ੍ਰਿਤ ਹੋਣ ਦੇ ਕਾਰਨ ਸ੍ਵਤਾ ਪ੍ਰਮਾਣ ਕੋਟੀ ਵਿਚ ਹੀ ਮੰਨੀਆਂ ਜਾਂਦੀਆਂ ਹਨ। ਵਿਦਵਾਨਾਂ ਦੇ ਮੰਡਲ ਵਿਚ ਸ੍ਵਤਾ ਪ੍ਰਮਾਣ ਬਾਣੀ ਦਾ ਹਰ ਪ੍ਰਮਾਣ ਮੰਨਣਯੋਗ ਹੁੰਦਾ ਹੈ ਪਰ ਪ੍ਰਤਾ ਪ੍ਰਮਾਣ ਬਾਣੀ ਦਾ ਉਹ ਪ੍ਰਮਾਣ ਪ੍ਰਮਾਨੀਕ ਸਮਝਿਆ ਜਾਏਗਾ, ਜੋ ਸ੍ਵਤਾ ਪ੍ਰਮਾਣ ਦੀ ਕਸਵੱਟੀ ਤੇ ਪੂਰਾ ਉਤਰੇ। ਇਸ ਲਈ ਸ੍ਵਤਾ ਪ੍ਰਮਾਣ ਬਾਣੀ ਦੇ ਚਾਨਣੇ ਹੇਠ ਹਿੰਸਾ ਅਤੇ ਮਾਸ ਨਿਸ਼ੇਧ ਦੇ ਵਿਸ਼ੇ ਵਿਚ ਪ੍ਰਮਾਣ ਪੇਸ਼ ਕੀਤੇ ਹਨ :-

(੧) ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਧਰਮ ਰੂਪੀ ਬੈਲ ਦਇਆ ਦਾ ਪੁਤ੍ਰ ਹੈ-

**ਧੌਲ ਧਰਮ ਦਇਆ ਕਾ ਪੂਤ। ਸੰਤੋਖ ਥਾਪਿ ਰਖਿਆ ਜਿਨਿ ਸੂਤਿ।**

**(੨) ਅਸੰਖ ਗਲ ਵਢ ਹਤਿਆ ਕਮਾਹਿ।**
**ਅਸੰਖ ਪਾਪੀ ਪਾਪ ਕਰ ਜਾਹਿ।**

**(੩) ਭਗਤਿ ਗਿਆਨੁ ਦਇਆ ਭੰਡਾਰਣਿ।**
**ਘਟਿ ਘਟਿ ਵਾਜਹਿ ਨਾਦ।**

**(੪) ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ**

(ਆਸਾ ਦੀ ਵਾਰ)

**(੫) ਦਇਆ ਕਪਾਹ ਸੰਤੋਖ ਸੂਤਿ ਜਤੁ ਗੰਢੀ ਸਤੁ ਵਟੁ।**
**ਇਹ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ।**

(ਆਸਾ ਦੀ ਵਾਰ)

**(੬) ਹੋਇ ਸਗਲ ਕੀ ਰੇਣੁਕਾ ਹਰਿ ਸੰਗ ਸਮਾਵਉ।**
**ਦੂਖ ਨਾ ਦੇਈ ਕਿਸੇ ਜੀਅ ਪਤਿ ਸਿਉ ਘਰਿ ਜਾਵਉ।**

(ਆਸਾ ਦੀ ਵਾਰ)

**(੭) ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ।**

(ਬਾਰਾ ਮਾਹ ਮਾਝ )

**(੮) ਸਾਧੂਆਂ ਦੇ ਛੇਆਂ ਲਖਣਾਂ ਵਿੱਚੋਂ ਇਕ ਹੈ-**
**ਦਇਆਲੰ ਸਰਬਤ੍ਰ ਜੀਆਂ।**

(ਸਲੋਕ ਸਹਸ ਕ੍ਰਿਤੀ ਮ: ੫)

**(੯) ਜੇ ਰਤ ਲਗੈ ਕਪੜੈ ਜਾਮਾ ਹੋਇ ਪਲੀਤੁ,**
**ਜੋ ਰਤੁ ਪੀਵਹਿ ਮਾਣਸਾ ਤਿਨ ਕਉ ਨਿਰਮਲ ਚੀਤੁ।**

(ਮਾਝ ਦੀ ਵਾਰ ਮ: ੧ ਪੰਨਾ ੧੪੦)

**(੧੦) ਮੇਹਰ ਮਸੀਤ ਸਿਦਕ ਮੁਸਲਾ ਹਕੁ ਹਲਾਲ ਕੁਰਾਣ।**

(ਮਾਝ ਦੀ ਵਾਰ ਪੰ: ੧੪੦)

(੧੧) ਤਉ ਨਾਨਕ ਸਰਬ ਜੀਆ ਮਿਹਿਰੰਮਤਿ ਹੋਇਤ ਮੁਸਲਮੁਾ ਕਹਾਵੈ।

ਮਾਝ ਦੀ ਵਾਰ ਪੰ: ੧੪੧)

(੧੨) ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ।

(ਮਾਝ ਦੀ ਵਾਰ ਪੰ: ੧੪੧)

(੧੩) ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸ ਨ ਹੋਈ॥੧॥ ਰਹਾਉ॥
ਸਕਤਾ ਸੀਹੁ ਮਾਰੈ ਪੈ ਵਗੈ ਖਸਮੈ ਜੇਤੇ ਚੁਗੈ ਸਾ ਪੁਰਸਾਈ।

(ਆਸਾ ਮ: ੧ ਪੰ: ੩੬੦)

(੧੪) ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ।
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ।

(ਆਸਾ ਮ: ੧ ਪੰ: ੩੬੦)

(੧੫) ਹਥਿ ਛੁਰੀ ਜਗਤ ਕਾਸਾਈ। (ਆਸਾ ਦੀ ਵਾਰ)

(੧੬) ਬੇਦੁ ਪੜੈ ਮੁਖਿ ਮੀਠੀ ਬਾਣੀ॥
ਜੀਆਂ ਕੁਹਤ ਨ ਸੰਗੈ ਪੁਰਾਣੀ। (ਗਜ਼ੁੜੀ ਮ: ੧ ਪੰਨਾ ੨੦੧)

(੧੭) ਆਤਮਾ ਪਰਮਾਤਮਾ ਏਕੋ ਕਰੈ। (ਧਨਾਸਰੀ ਮ: ੧, ਪੰ: ੨੬੧)

ਅਰਥਾਤ ਪਰਾਏ ਆਤਮਾ ਨੂੰ ਵੀ ਆਪਨੇ ਸਮਾਨ ਹੀ ਸਮਝੇ।

(੧੮) ਕਾਦੀ ਕੂੜੁ ਬੋਲਿ ਮਲੁ ਖਾਇ। ਬ੍ਰਹਾਮਣ ਨਾਵੈ ਜੀਆ ਘਾਇ।
ਜੋਗੀ ਜੁਗਤਿ ਨਾ ਜਾਣੈ ਅੰਧੁ। ਤੀਨੇ ਓਜਾੜੇ ਕਾ ਬੰਧੁ।

(ਧਨਾਸਰੀ ਮ:੧ ਪੰ: ੬੬੨)

(੧੯) ਏਕਾਦਸੀ ਏਕੁ ਰਿਦੈ ਵਸਾਵੈ। ਹਿੰਸਾ ਮਮਤਾ ਮੋਹੁ ਚੁਕਾਵੈ।
ਮਨਿ ਸੰਤੋਖ ਸਰਬ ਜੀਅ ਦਇਆ। ਇਨ ਬਿਧਿ ਬਰਤੁ ਸੰਪੂਰਨ ਭਇਆ।

**(ਪੰ: ੮੪੦)**

(੨੦) ਜਿਸੁ ਮਨੁ ਮਾਨੈ ਅਭਿਮਾਨੁ ਨ ਤਾਕਉ ਹਿੰਸਾ ਲੋਭੁ ਵਿਸਾਰੇ।

(ਸਾਰੰਗ ਮ: ੧ ਪੰ:੧੧੯੮)

(੨੧) ਕਲਿ ਹੋਈ ਕੁਤੇ ਮੁਹੀ ਖਾਜ ਹੋਆ ਮੁਰਦਾਰ।

(ਸਲੋਕ ਮ: ੧ ਪੰ: ੧੨੪੨)

(੨੨) ਰਾਜੇ ਸੀਹ ਮੁਕਦਮੇ ਕੁਤੇ। ਜਾਇ ਜਗਾਇਨ ਬੈਠੇ ਸੁਤੇ।
ਛਾਕਰ ਨਹਿਦਾ ਪਾਇਨਿ ਘਾਉ ਰਤੁ ਪਿਤੁ ਕੁਤਹੋ ਚਟਿ ਜਾਹੁ।

(੨੩) ਜੀਵਤ ਮਰੈ ਤਾ ਸਭ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ।
ਨਾਨਕ ਤਾ ਕਉ ਮਿਲੈ ਵਡਿਆਈ ਆਪੁ ਪਛਾਣੈ ਸਰਬ ਜੀਆ।

(ਰਾਮਕਲੀ ਸਿਧ ਗੋਸਟ ਮ:੧ ਪੰ: ੯੪੦)

(੨੪) ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ।
ਦੂਜੈ ਭਾਇ ਆਤਮ ਸੰਘਾਰਹਿ।

(ਮਾਝ ਮਹਲਾ ੨ ਅਸ਼ਟਪਦੀ ਪੰ: ੩੬੨)

(੨੫) ਅੰਧੇ ਖਾਵਹਿ ਬਿਸੂ ਕੇ ਗਟਾਕ।
ਅਨਾਥ ਰਵਾਣਿ ਉਦਰ ਲੇ ਪੋਖਹਿ ਮਾਇਆ ਗਈਆ ਹਾਟਿ।
ਕਿਲਵਿਖ ਕਰਤ ਕਰਤ ਪਛੁਤਾਵਹਿ ਕਬਹੁ ਨ ਸਾਕਹਿ ਛਾਟਿ।

**ਨਾਨਕ ਆਪਨ ਕਟਾਰੀ ਆਪਸ ਕਉ ਲਾਈ ਮਨੁ ਅਪਨਾ ਕੀਨੋ ਫਾਟ।**

(ਸਾਰੰਗ ਮ: ਪੰ: ੧੨੨੪)

**(੨੬) ਨਮਸਤੰ ਰਹੀਮੇ ਨਮਸਤੰ ਕਰੀਮੇ।** (ਜਾਪੁ ਸਾਹਿਬ)

ਅਰਥਾਤ ਰਹਿਮ ਕਰਨ ਵਾਲੇ ਨੂੰ ਨਮਸਕਾਰ ਹੈ। ਬਖ਼ਸ਼ਸ਼ ਕਰਨ ਵਾਲੇ ਨੂੰ ਨਮਸਕਾਰ ਹੈ।

**(੨੭) ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਇਆ ਛਿਮਾ ਤਿਨ ਪ੍ਰੀਤ।**

(ਰਾਕਲੀ ਪਾਤਸ਼ਾਹੀ ੧੦)

**(੨੮) ਮਜ਼ਨ ਤੇਗ਼ ਬਰ ਖ਼ੂਨ ਕਸ ਬੇ ਦਰੇਗ਼।**

**ਬੁਰਾ ਨੀਜ਼ ਓ ਖ਼ੂਨ ਤੇਜ਼ਦ ਬ ਤੇਗ਼** (ਜ਼ਫ਼ਰਨਾਮਾ ਪਾਤਸ਼ਾਹੀ ੧੦)

ਅਰਥਾਤ ਬੇਦਰੇਗ ਹੋ ਕੇ ਕਿਸੇ ਦਾ ਖ਼ੂਨ ਕਰਨ ਲਈ ਤੇਗ਼ ਨਾ ਚਲਾ ਕਿਉਂਕਿ ਤੇਰਾ ਲਹੂ ਬੀ (ਆਰਸ਼ੀ) ਤਲਵਾਰ ਨਾ ਗਿਰਾਇਆ ਜਾਵੇਗਾ।

**(੨੯) ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।**

**ਆਪਸ ਕਉ ਮੁਨੀਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।**

(ਮਾਰੂ ਕਬੀਰ ਜੀ ਪੰਨਾ ੧੧੧੩)

ਅਰਥਾਤ ਜੀਆਂ ਦਾ ਘਾਤ ਕਰਕੇ ਆਖਦੇ ਹੋ ਧਰਮ ਕੀਤਾ ਹੈ, ਤਾਂ ਦੱਸੋ ਅਧਰਮ ਕਿਸ ਨੂੰ ਕਹਿੰਦੇ ਹੋ(ਜੀਅ ਘਾਤ ਕਰਨ ਵਾਲਿਓ!)? ਤੁਸੀਂ ਤਾਂ ਹੋ ਗਏ ਮੁਨੀ ਯਾ ਧਰਮਾਤਮਾ ਪਰ ਕਸਾਈ ਕਿਹਨੂੰ ਆਖੋਗੇ ? ਇਸ ਦਾ ਭਾਵ ਸਪਸ਼ਟ ਰੂਪ ਵਿਚ ਇਹ ਹੈ ਕਿ ਘਾਤ ਕਰਨ ਵਾਲਾ ਧਰਮਾਤਮਾ ਨਹੀਂ ਕਸਾਈ ਹੈ।

**(੩੦) ਰੋਜਾਂ ਧਰੈ ਮਨਾਵੈ ਅਲਹੁ ਸੁਅਦਤਿ ਜੀਅ ਸੰਘਾਰੈ।**

**ਆਪਾ ਦੇਖਿ ਅਵਰ ਨਹੀਂ ਦੇਖੈ ਕਾਹੇ ਕਉ ਝਖ ਮਾਰੈ।**

(ਆਸਾ ਕਬੀਰ ਜੀ ਪੰਨਾ ੪੮੩)

ਅਰਥਾਤ ਹੇ ਮੋਮਨ ਰਖਨਾਂ ਏਂ ਰੋਜੇ ਮਨਾਂਦਾ ਹੈਂ ਅੱਲਾ ਨੂੰ, ਪਰ ਜੀਭਾਂ ਦੇ ਸੁਆਦ ਬਦਲੇ ਘਾਤ ਕਰਦਾ ਹੈ ਜੀਆਂ ਦਾ। ਆਪਣੇ ਆਪ ਦਾ ਧਿਆਨ ਰੱਖਦਾ ਹੈ ਕਿ ਤੈਨੂੰ ਕੋਈ ਦੁੱਖ ਨਾ ਦੇਵੇ ਪਰ ਹੋਰਨਾਂ ਦੇ ਦੁਖ ਨੂੰ ਨਹੀ ਦੇਖਦਾ ਫੇਰ ਭਲਾ ਝਖਾਂ ਕਿਉਂ ਮਾਰਦਾ ਏਂ। ਭਾਵ ਏਹ ਕਿ ਜੇ ਘਾਤ ਕਰਕੇ ਮਾਸ ਖਾਣ ਵਾਲੇ ਦਾ ਉਪਦੇਸ਼ ਝਖਾਂ ਮਾਰਨ ਦੇ ਬਰਾਬਰ ਹੈ।

(੩੧) ਇਹ ਤੌਹੀਦ ਦੇ ਦਾਵੇਦਾਰ ਮੁੱਲਾਂ ਨੂੰ ਉਪਦੇਸ਼ ਕਰਦੇ ਹੋਏ ਕਬੀਰ ਜੀ ਕਹਿੰਦੇ ਹਨ:-

**ਭੇਦ ਕੁਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੇ**

**ਜਉਂ ਸਭ ਮੈਂ ਏਕ ਖ਼ੁਦਾਇ ਕਹਿਤ ਹਉ ਤਉ ਕਿਉ ਮੁਰਗੀ ਮਾਰੈ।**

(ਪ੍ਰਭਾਤੀ ਕਬੀਰ ਜੀ ਪੰਨਾ ੧੩੫੦)

(੩੨) ਖਾਣ ਵਾਸਤੇ ਜਾਨਵਰ ਜ਼ਿਬਾਹ ਕਰਨ ਨੂੰ ਜ਼ੋਰ ਤੇ ਜ਼ੁਲਮ ਦੱਸਦੇ ਹੋਏ ਕਬੀਰ ਜੀ ਕਹਿੰਦੇ ਹਨ:-

**ਕਬੀਰ ਜੋਰੀ ਕੀਏ ਜੁਲਮੁ ਹੈ ਕਹਿਤਾ ਨਾਉ ਹਲਾਲ।**

**ਦਫ਼ਤਰ ਲੇਖਾ ਮਾਗੀਐ ਹੋਇਗਾ ਕਉਨ ਹਵਾਲੁ।**

(ਪੰਨਾ ੧੩੭੪)

(੩੩) **ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲ।**

**ਦਫ਼ਤਰ ਦਈ ਜਬ ਕਾਢਿਹੈ ਹੋਇਗਾ ਕਉਨ ਹਵਾਲੁ।**

(ਸਲੋਕ ਨੰ: ੧੯੯)

(੩੪) **ਕਬੀਰ ਜੋਰੁ ਕੀਆ ਸੁ ਜੁਲਮੁ ਹੈ ਲੇਇ ਜਬਾਬੁ ਖੁਦਾਇ।**

**ਦਫ਼ਤਰ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ** (ਸਲੋਕ ਨੰ: ੨੦੦)

(੩੫) **ਸਿਮਰਨ ਭਜਨੁ ਦਇਆ ਨਹੀਂ ਕੀਨੀ ਤਉ ਮੁਖਿ ਚੋਟਾ ਖਾਇਗਾ।**

(ਪੰਨਾ ੧੧੦੫)

(੩੬) **ਮੁੰਦਰਾ ਮੋਨ ਦਇਆ ਕਰ ਝੋਲੀ** (ਪੰਨਾ ੮੬੯)

(੩੭) **ਕਹਤ ਕਬੀਰ ਸੁਨਹੁ ਰੇ ਸੰਤਹੁ ਧਰਮੁ ਦਇਆ ਕਰ ਬਾੜੀ।** (ਪੰਨਾ ੮੯੬)

(੩੮) **ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸਪੁੰਨਤ੍ਰ ਨਾਹੀ ।** (ਪੰਨਾ ੯੭੦)

(੩੯) **ਕਬੀਰ ਖੂਬ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨ।**
**ਹੇਰਾ ਰੋਟੀ ਕਾਰਨੇ ਗਲ ਕਟਾਵੈ ਕਉਨ।** (ਸਲੋਕ ਨੰ: ੧੦੦)

(੪੦) **ਬਾਟ ਪਾਰਿ ਘਰਿ ਮੂਸਿ ਬਿਰਾਨੋਪੈਟ ਭਰੈ ਅਪ੍ਰਾਧੀ।**
**ਜਿਹਿ ਪ੍ਰਲੋਕ ਜਾਇ ਅਪਕੀਰਤ ਸੋਈ ਅਬਿਦਿਆ ਸਾਧੀ।**
**ਹਿੰਸਾ ਤਉਮਨ ਤੇ ਨਹੀ ਛੂਟੀ ਜੀਅ ਦਇਆ ਨਹੀਂ ਪਾਲੀ।**
**ਪਰਮਾਨੰਦ ਸਾਧੂ ਸੰਗਤ ਮਿਲਿ ਕਥਾ ਪੁਨੀਤ ਨਾ ਚਾਲੀ।**

(ਸਾਰੰਗ ਪਰਮਾਨੰਦ ਪੰਨਾ: ੧੨੫੩)

(੪੧) **ਜੇਤਉ ਪੀਆ ਮਿਲਨ ਕੀ ਸਿਕ ਹਿਆਉ ਨ ਠਾਹੀ ਕਹੀਦਾ**

(੪੨) ਭਾਈ ਗੁਰਦਾਸ ਜੀ–

**ਸ਼ੀਹ ਪੁਜੂਤੀ ਬੱਕਰੀ ਮਰਦੀ ਹੋਈ ਹੜ ਹੜ ਹੱਸੀ**
**ਸ਼ੀਹ ਪੁਛੈ ਵਿਸਮਾਦ ਹੋਇ ਇਤ ਆਉਸਰ ਕਿਤ ਰਹਸ ਰਹੱਸੀ।**
**ਬਿਨਉ ਕਰੇਦੀ ਬੱਕਰੀ ਪੁਤਰ ਅਸਾਡੇ ਕੀਚਨਿ ਖਸੀ**
**ਅੱਕ ਧਤੂਰਾ ਖਾਂਦਿਆਂ ਕੁਹ ਕੁਹ ਖਲ ਉਖੱਲਿ ਵਿਣਸੀ।**
**ਮਾਸ ਖਾਣ ਗੱਲ ਵੱਢਕੈ ਹਾਲ ਤਿਨਾੜਾ ਕਉਣ ਹੋਵਸੀ।**
**ਗਰਬ ਗਰੀਬੀ ਦੇਹ ਖੇਹ ਖਾਜ ਅਖਾਜੁ ਅਕਾਜੁ ਕਰਸੀ।**
**ਜਗ ਆਇਆ ਸਭ ਕੋਈ ਮਰਸੀ।**

(ਵਾਰ ੨੫ ਪਉੜੀ ੧੭)

(੪੪) **ਕੁਹੈ ਕਸਾਈ ਬੱਕਰੀ ਲਾਇ ਲੂਣ ਸੀਖ ਮਾਸੁ ਪਰੋਆ।**
**ਹਸਿ ਹਸਿ ਬੋਲੇ ਕੁਹੀਦੀ ਖਾਧੇ ਅੱਕ ਹਾਲ ਇਹੇ ਹੋਆ।**
**ਮਾਸ ਖਾਨਿ ਗਲ ਛੁਰੀ ਦੇ ਹਾਲ ਤਿਨਾੜਾ ਕੌਣ ਅਰੋਆ।**
**ਜੀਭੈ ਹੰਦਾ ਫੇੜੀਆ ਖਉ ਦੰਦਾਂ ਮੁਹੁ ਭੰਨ ਵਿਗੋਆ।**

(ਵਾਰ ੩੭ ਪੰਨਾ ੨੧)

(੪੫) **ਬਧਿਕ ਉਧਰੇ ਆਖੀਅਨ ਫਾਹੀ ਪਾਇ ਨ ਫੜੀਐ ਟੰਗਾ।**
**ਜੇ ਕਾਸਾਈ ਉਧਰਿਆ ਜੀਆਂ ਘਾਇ ਨ ਖਾਈਐ ਭੰਗਾ।**

(ਵਾਰ ੩੧ ਪਉੜੀ ੯)

**ਪ੍ਰਤਾ ਪ੍ਰਮਾਣ**

(੧) ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਾਣ ਲਗੇ ਖੱਤ੍ਰੀਆਂ ਦੀ ਪ੍ਰਚਲਤ ਰੀਤੀ ਅਨੁਸਾਰ ਪਿਤਾ ਕਾਲੂ ਜੀ ਨੇ ਬੱਕਰੇ ਮੰਗਵਾਏ–

**ਭੋਜਨ ਹੇਤ ਅੰਨ ਇਕ ਠਾਈ। ਆਮਿਖ ਕਾਰਨ ਛਾਂਗ ਮੰਗਾਈ।**

(ਨਾਨਕ ਪ੍ਰਕਾਸ਼ ਪੂਰਬਾਧਕ ਖੰਡ ਅਧਯਾ ੯)

ਗੁਰੂ ਜੀ ਨੇ ਗੰਭੀਰਤਾ ਪੂਰਵਕ ਕਿਹਾ ਪੰਡਿਤ ਜੀ !

**ਪਾਇ ਸੂਤ ਗਰ ਗਰਤ ਕੁਕਰਮਾ। ਧੰਨ ਹਿਤ ਹਿੰਸਾ ਸੋਹਿ ਅਧਰਮਾ।**
**ਅੰਤ ਪ੍ਰਯੰਤ ਦੁਸ਼ਟਤਾ ਧਾਰੇ, ਝੂਠ ਪਿਸਨਤਾ ਚਿਤ ਹਿਤਕਾਰੇ॥੧੭॥**
**ਸੋ ਖਤ੍ਰੀ ਦਿਜ ਕੇ ਧੌਂ, ਚੰਡਾਲਾ, ਸਹਹਿ ਜਾਇ ਜਮਦੰਡ ਬਿਸਾਲਾ॥**
**ਕੌਨ ਜਨੇ ਊ ਤਿਹ ਫਲ ਦੀਨਾਂ ਪਾਇਓ ਨਰਕ ਈਹਾਂ ਅਘ ਕੀਨਾ॥**

ਅਰਥਾਤ ਗੁਰੂ ਜੀ ਨੇ ਉਸ ਰਸਮ ਦੇ ਸਮੇਂ ਬੱਕਰੇ ਆਦਿ ਦੇਖ ਕੇ ਇਸ ਨੂੰ ਭਾਰੀ ਪਾਪ ਦੱਸਿਆ। ਅਜਿਹਾ ਕਰਨ ਵਾਲਾ ਖਤ੍ਰੀ ਹੋਵੇ ਯਾ ਬ੍ਰਾਹਮਣ ਉਸ ਨੂੰ ਚੰਡਾਲ ਦੱਸਿਆ ਹੈ। ਅੰਤ ਉਨ੍ਹਾਂ ਦੇ ਇਹ ਪੁਛਣ ਤੇ ਕਿ ਜੇ ਸੂਤ ਦਾ ਨਹੀਂ ਤਾਂ ਕਿਸ ਚੀਜ਼ ਦਾ ਜਨੇਊ ਚੰਗਾ ਹੈ ਤਾਂ ਆਪ ਨੇ ਕਿਹਾ ਕਿ -

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਡੀ ਸਤੁ ਵਟੁ।**
**ਇਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ**
**.........ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ।**
**ਖੁਹਿ ਬਕਰਾ ਰਿੰਨਿ ਖਾਇਆ ਸਭ ਕੋ ਆਖੈ ਪਾਇ।**

(ਆਸਾ ਦੀ ਵਾਰ)

ਅਰਥ- ਦਇਆ ਦੀ ਕਪਾਹ ਵਿਚੋਂ ਸੰਤੋਖ ਦਾ ਸੂਤ ਕਤਕੇ ਜਤ ਦੀਆਂ ਗੰਢਾਂ ਤੇ ਸੱਚਾਈ ਦਾ ਵੱਟ ਚਾੜ੍ਹ ਕੇ ਤਿਆਰ ਕੀਤਾ ਹੋਇਆ ਜਨੇਊ ਜੇ ਪੰਡਤ ਜੀ ਹੈਗਾ ਏ ਤਾਂ ਮੈਨੂੰ ਪਾ ਦੇਵੋ। ਪਰ ਤੁਸਾਂ ਲੱਖਾਂ ਚੋਰੀਆਂ ਯਾਰੀਆਂ ਤੇ ਠੱਗੀਆਂ ਕਰਦੇ ਹੋ, ਕਪਾਹ ਦਾ ਜਨੇਊ ਵੱਟ ਕੇ ਗਲ ਪੌਂਦੇ ਹੋ, ਬਕਰਿਆਂ ਨੂੰ ਕੁਹ ਕੁਹ ਰਿੰਨ ਕੇ ਖਾਂਦੇ ਹੋ ਤੇ ਹੋਰਨਾਂ (ਸਰੀਰਾਂ ਨੂੰ) ਵੀ ਆਖਦੇ ਹੋ, ਆਓ ਲਾਲ ਜੀ ਭੋਜਨ ਪਾਓ।ਏਸ ਘਟਨਾ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਤ ਕਿੰਨਾਂ ਅਹਿੰਸਕ ਸਿੱਧ ਹੁੰਦਾ ਹੈ। ਆਪਨੇ ਮਾਸ ਖਾਨ ਦਾ ਕਿੰਨਾਂ ਨਿਖੇਧ ਕੀਤਾ ਹੈ ਉਹ ਸਪਸ਼ਟ ਹੀ ਹੈ।

(੨) **ਦੇਵ ਲੂਤ ਰਾਖਸ਼:-** ਦੇਵ ਲੂਤ ਰਾਖਸ਼ ਨੇ ਗੁਰੂ ਜੀ ਕੋਲ ਲੰਗਰ ਦੀ ਅਰਜ਼ ਕੀਤੀ ਤਾਂ ਆਪਨੇ ਕਿਹਾ ਕਿ:-

**ਸ਼ੁਭ ਉਪਦੇਸ਼ ਜਿ ਲੇਹੁ ਹਮਾਰਾ ॥ ਅਸੰਨ ਕਰਹੁੰ ਤਬ ਅੰਗੀਕਾਰਾ ॥**
**ਯੌਂ ਨਹਿ ਤੁਮਰੋ ਖਾਉਂ ਕਦਾਪੀ॥ ਹਉ ਸਭ ਜੀਵਨ ਕੇ ਸੰਤਾਪੀ॥**
**ਪ੍ਰਿਥਮ ਤਜਹੁ ਆਮਿਖ ਕਉ ਖਾਨਾ। ਕਰਹੁ ਜਾਸ ਹਿੱਤ ਜੀਵਨ ਹਾਨਾ॥**

ਦੇਵ ਲੂਤ ਨੇ ਨਾਮ (ਗੁਰਮੰਤ੍ਰ) ਲੈ ਕੇ ਮਾਸ ਤਿਆਗਣ ਦਾ ਪ੍ਰਣ ਕੀਤਾ-

**ਕੇਤਕ ਦਿਨ ਤਹ ਰਹੇ ਗੁਸਾਈ। ਗੁਰ ਸਿਖੀ ਕੀ ਰੀ ਚਲਾਈ॥੧੮॥**
**ਸਭ ਰਾਖਸ਼ ਕਉ ਨਾਮ ਜਾਇਓ। ਆਮਿਖ ਖਾਨ ਤਿਨੈ ਤਜਵਾਯੋ॥**
**ਜੀਸ਼ ਘਾ ਕੀ ਬਾਨ ਬਿਸਾਰੀ। ਸਤਿ ਸੰਗਤ ਕਰਹਿ ਸੁਖ ਬਾਰੀ॥**
**ਭੈ ਤਿਆਗ ਜਬ ਚਲਨੇ ਹੇਤਾ। ਤਬ ਬੋਲੇ ਬੇਦੀ ਕੁਲ ਕੀ ਕੇਤਾ॥੧੯॥**
**ਹਿੰਸਾਂ ਨਹਿੰ ਜੀਵਨ ਕੀ ਕੀਜੈ। ਸਤਿਗੁਰ ਜਾਪ ਜਪਹੁ ਦਖ ਛੀਜੈ॥੨੦॥**

**(੩) ਰਾਜਾ ਸ਼ਿਵਨਾਭ :-** ਸੰਗਲਾਦੀਪ ਦੇ ਰਾਜਾ ਸ਼ਿਵਨਾਭ ਨੂੰ ਨਾਮ ਦੇਣ ਉਪਰੰਤ ਗੁਰੂ ਨਾਨਕ ਦੇਵ ਜੀ ਨੇ ਅਹਿੰਸਾ ਬ੍ਰਤ ਪਾਲਣ ਕਰਨ ਦਾ ਉਪਦੇਸ਼ ਦਿੰਦਿਆਂ ਹੋਇਆ ਕਿਹਾ :-

**ਏਕ ਅਹਿੰਸਾ ਜਾਨੀਐ ਮਨ ਬਚ ਕਾਇਆਂ ਤੀਨ।**
**ਪਰ ਕਾ ਬੁਰਾ ਜਿ ਚਿਤਵਨਾਂ ਮਨ ਕੀ ਹਿੰਸਾ ਚੀਨ।**
**ਫਿਕਾ ਬੋਲ ਹਨਾਇ ਦੁਖਾਵੈ। ਹਿੰਸਾ ਬਚਨਨ ਕੀ ਕਹਿਲਾਵੈ।**
**ਤੀਸਰ ਮਾਰਨ ਜੀਵਨ ਕੇਰੀ । ਤਿਆਗੈ ਇਨ ਕੋ ਹ੍ਵੈ ਬਿਨ ਦੇਰੀ ।**

(ਨਾਨਕ ਪ੍ਰਕਾਸ਼ ਪੂਰਬਾਧਯਾ ਭਾਗ ਅਧਯਾ ੪੮ ਪੰਨਾ ੫੩੧)

(੪) **ਮਾਸ ਖਾਣ ਦਾ ਫਲ:-**ਲਾਹੌਰ ਦੇ ਸ਼ਾਹੂਕਾਰ ਦੂਨੀ ਚੰਦ ਖੱਤਰੀ ਦੇ ਘਰ ਧੂਮ ਧਾਮ ਦੇਖ ਕੇ ਗੁਰੂ ਨਾਨਕ ਦੇਵ ਜੀ ਨੇ ਕਾਰਨ ਪੁਛਿਆ ਤਾਂ ਉਸ ਜਵਾਬ ਦਿੱਤਾ ਕਿ ਉਸ ਦੇ ਪਿਤਾ ਦਾ ਸਰਾਧ ਹੈ।ਗੁਰੂ ਜੀ ਨੇ ਕਿਹਾ ਤੇਰਾ ਪਿਤਾ ਤਾਂ ਬਘਿਆੜ ਦੀ ਜੂਨ ਵਿਚ ਤਿੰਨਾਂ ਦਿਨਾਂ ਤੋਂ ਭੁੱਖਾ ਬੈਠਾ ਹੈ। ਗੁਰੂ ਜੀ ਦੇ ਥਾਂ, ਟਿਕਾਣਾ ਅਤੇ ਜੁਗਤੀ ਦੱਸਣ ਤੇ ਇਕ ਮੱਲ੍ਹੇ ਵਿਚ ਜਾ ਦੇਖਿਆ। ਗੁਰੂ ਜੀ ਦੀ ਕਿਰਪਾ ਨਾਲ ਬਘਿਆੜ ਦੀ ਬੁੱਧੀ ਮਨੁੱਖਾਂ ਜੈਸੀ ਹੋ ਗਈ ਹੈ। ਨਿਡਰ ਹੋ ਕੇ ਥਾਲ ਅਗੇ ਰੱਖਦਿਆਂ ਹੋਇਆ ਪੁੱਛਿਆ- ਪਿਤਾ ਜੀ ਤੁਸੀਂ ਤਾਂ ਬੜੇ ਸ਼ੁਭ ਕਰਮੀਂ ਸੀ, ਤੁਹਾਨੂੰ ਇਹ ਜੂਨ ਕਿਉਂ ਪ੍ਰਾਪਤ ਹੋਈ?

ਬਘਿਆੜ ਰੂਪ ਪਿਤਾ ਨੇ ਉੱਤਰ ਦਿੱਤਾ ਕਿ ਜਦ ਮੇਰੇ ਅੰਤ ਦਾ ਸਮਾਂ ਆਇਆ ਥਾ, ਓਸ ਵੇਲੇ ਆਸ-ਪਾਸ ਕਿਸੇ ਨੇ ਮਾਸ ਰਿੰਨਿਆਂ ਸੀ, ਉਸਦੀ ਵਾਸ਼ਨਾ ਮੈਂਨੂੰ ਪਹੁੰਚੀ ਤਉ ਮੇਰਾ ਜੀਉ ਉਸਦੇ ਮਾਸ ਖਾਣ ਨੂੰ ਲੋਭਿਆ ਤਾਂ, ਇਸ ਕਰਕੇ ਇਹ ਜਨਮ ਮਿਲਿਆ ਹੈ । ਇਸ ਕਰਕੇ ਹੇ ਪੁੱਤਰ, ਤੁਝ ਕੋ ਭੀ ਏਹ ਹੀ ਚਾਹੀਏ ਜੋ ਪੂਰੇ ਗੁਰੂ ਕੋ ਮਿਲ ਕਰ ਆਪਨਾ ਜਨਮ ਸੁਧਾਰ ਲੇਹੁ ।

(ਵੱਡੀ ਜਨਮ ਸਾਖੀ ਭਾਈ ਬਾਲੇ ਵਾਲੀ, ਪੰਨੇ ੫੬੦-੫੬੧, ਇਹ ਜਨਮ ਸਾਖੀ ਖ਼ਾਲਸਾ ਗੁਰਮਤ ਪ੍ਰੈਸ ਛਿਰਹਟਾ ਵਿਚ ਛਪੀ ਸੀ)

(ਪ) **ਮੱਕੇ ਦੇ ਇਮਾਮਾਂ ਨੂੰ ਉਪਦੇਸ਼:-** ਮੱਕੇ ਵਿਚ ਹਾਜੀਆਂ ਤੇ ਇਮਾਮਾਂ ਨੂੰ ਉਪਦੇਸ਼ ਦਿੰਦਿਆਂ ਹੋਇਆਂ ਗੁਰੂ ਨਾਨਕ ਦੇਵ ਜੀ ਨੇ ਮਾਸ ਖਾਣ ਦਾ ਚੰਗੀ ਤਰ੍ਹਾਂ ਖੰਡਨ ਕੀਤਾ ਹੈ। ਆਪ ਕਹਿੰਦੇ ਹਨ:-

**ਜਬਰਾਂ ਮਾਰ ਨਾ ਸੱਕਨੀ ਚੀਤੇ ਸ਼ੇਰ ਪਲੰਗ।**
**ਥੀਏ ਹਰਾਮ ਬਹੁ ਜ਼ਾਲਮਾਂ ਜੋ ਮਾਰਨ ਅਗੋਂ ਡੰਗ।**
**ਡਾਢਿਆਂ ਕੋਈ ਨਾ ਮਾਰਈ ਕਰਨ ਜੋ ਅੱਗੋਂ ਜ਼ੋਰ।**
**ਜੋਈ ਗਰੀਬ ਨਿਮਾਨੜੇ ਤਿੰਨ੍ਹਾਂ ਲੈਂਦੇ ਮਾਸ ਅਧੋੜ।**
**ਲਿਖਿਆ ਚਾਰ ਕਿਤਾਬ ਵਿਚ ਸਭ ਪਰ ਜ਼ੋਰ ਹਰਾਮ।**
**ਸੋਈ ਕਲਮੇ ਪਾਕ ਜੋ ਮੰਨੇ ਰੱਬ ਕਲਾਮ।**

(ਜਨਮ ਸਾਖੀ ਵਾਲੇ ਪੰਨਾ :੫੬੨)

(ਅ) ਮਦੀਨੇ ਵਿਚ ਚਾਰ ਇਮਾਮਾਂ ਨਾਲ ਗੋਸ਼ਟ ਕਰਦਿਆਂ ਹੋਇਆਂ ਕਿਹਾ ਕਿ ਮਾਸ ਖਾਣ ਨਾਲ ਬਹੁਤ ਖਵਾਰੀ ਹੋਵੇਗੀ:-

**ਲੈ ਫ਼ੁਰਮਾਨ ਖ਼ੁਦਾਇ ਆਏ ਮੁਸਲਮਾਨ।**
**ਮਾਰਨ ਗਊ ਗਰੀਭ ਨੂੰ ਦਿੱਤੇ ਭੁਲਾ ਸ਼ੈਤਾਨ।**
**ਕਹਿੰਦੇ ਪਕੜ ਪਰਿੰਦਿਆਂ ਔਰ ਕੁਹਿੰਦੇ ਜੀਅ।**
**ਮਾਰਨ ਛੁਰਿਆਂ ਲੱਤ ਦੇ ਕਹਿਣ ਹਲਾਲੀ ਥੀਅ।**
**ਤੁਰਦੇ ਫਿਰਦੇ ਜੀਆਂ ਨੂੰ ਦੇਵਣ ਤੁਕਰ ਅਜ਼ਾਰ।**
**ਖਾਵਣ ਮਾਸ ਹਲਾਲ ਕਹਿ ਹੋਵਣ ਅੰਤ ਖ਼ੁਆਰ॥** (ਪੰਨਾ ੨੯੨)

ਅਗੇ ਪੰਨਾ ੨੯੭:-

(ੲ)

**ਹਿੰਦੂ ਮੁਸਲਮਾਨ ਦੁਇ ਹੁਇ ਬੰਧ ਨਿਆਰੇ ਦੋਇ।**
**ਓਹਨਾਂ ਖਾਧਾ ਹੱਡ ਮਾਸ ਉਹ ਪੀਵਣ ਦੁੱਧ ਲੈ ਚੋਇ।**
**ਜ਼ਿਦੋ ਜ਼ਿਦੀ ਆਪੋ ਵਿਚ ਹਿੰਦੂ ਤੁਰਕ ਲੜਾਇ।**
**ਓਹਨਾ ਮਾਰਿਓ ਸੂਰ ਨੂੰ ਓਹਨਾਂ ਮਾਰੀ ਗਾਇ।**
**ਦੋਹਾਂ ਕੀਤੀ ਹੱਤਿਆ ਮੁਏ ਨ ਜੀਵਨ ਫੇਰਾ।**
**ਦਰਗਹ ਸੱਚੇ ਰੱਬ ਦੀਦੁਇ ਲੈ ਸਜਾਈ ਢੇਰ**

(ਸ) **ਸੁਸਹ ਪੀਰ ਬਹਾਉਦੀਨ ਆਖੁ ਨਾਨਕ ਪੀਰ।**
**ਬੇਗੁਨਾਵਾਂ ਜੋ ਜਾਨਵਰਾਂ ਕਰਦੇ ਕਿਉਂ ਤਕਬੀਰ।**
**ਜ਼ੋਰ ਜ਼ੁਲਮ ਹਰਾਨ ਹੈ ਗਰੀਬਾਂ ਸਿਰ ਗਰੀਬਾਂ ਸੋਇ।**
**ਬੇ ਜ਼ੁਬਾਨਾਂ ਨੂੰ ਮਾਰ ਕੇ ਖਾਵੇ ਮਾਸ ਜੁ ਕੋਇ।**
**ਜਿਤੀ ਪੈਦਾਇਸ਼ ਰੱਬ ਦੀਕਾਨ ਹੈਵਾਨ ਨਬਾਤ।**
**ਸਭਨਾਂ ਅੰਦਰ ਇਕ ਰੱਬਕੀਚਨ ਨਾਹੀ ਘਾਤ।**
**ਕਿਤੀ ਸ਼ਈਂ ਪਾਕ ਹੈ ਕਿਤੀਂ ਸ਼ਈਂ ਪਲੀਤ।**
**ਨਫਸੈ ਕਾਨ ਮਾਰੀਐ ਕਹੀ ਖੁਦਾਇ ਹਦੀਸ਼।**

ਕਾਰਨ ਸਵਾਦੇ ਨਫ਼ਸ ਦੇ ਜਾਨਾਂ ਜ਼ਿਬੇ ਕਰਾਇ।
ਜਿਸਨੂੰ ਕੋਈ ਮਾਰਸੀ ਫਿਰ ਉਹ ਵੀ ਕੁਹਸੀ ਆਇ।
ਤੰਦਰੁਸਤ ਨ ਮਾਰੀਐ ਜੋ ਫਿਰਦਾ ਗਲੀਆਂ ਮਾਹਿਂ।
ਆਈ ਅਜ਼ਲ ਜੋ ਗਿਰੇ ਸੋ ਕਹੇ ਹਲਾਲੀ ਖਾਇ।
ਬਾਝੋਂ ਖਾਣੇ ਤਾਮ ਦੇ ਖਾਣਾਂ ਹੋਰ ਹਰਾਮ।
ਨਫ਼ਸ ਰਜ਼ਾਈ ਬਾਤਲੀ ਕਹਿਆ ਮੂਲ ਨ ਮਾਨ।
ਜੇ ਕਰੇਂ ਰਿਆਜ਼ਤ ਬੰਦਗੀ ਤਿਨ੍ਹਾਂ ਮਾਸ ਨ ਪਾਕ।
ਸਭਨਾਂ ਅੰਦਰ ਰਾਮ ਰਹਿਆਹਰ ਦਮ ਸਾਹਿਬ ਆ।

(ਹ) ਕਮਾਲ ਦੀਨ ਨੇ ਪ੍ਰਸ਼ਨ ਕੀਤਾ ਕਿ ਜੇ ਏਨਾਂ ਜੀਆਂ ਨੂੰ ਮਾਰਿਆਂ ਨਾ ਜਾਏਗਾ ਤਾਂ ਏਹ ਧਰਤੀ ਨੂੰ ਹੀ ਮੱਲ ਲੈਣਗੇ। ਗੁਰੂ ਮਹਾਰਾਜ ਨੇ ਉੱਤਰ ਦਿੱਤਾ:-

ਆਖੈ ਨਾਨਕ ਸ਼ਾਹ ਸੱਚ ਸੁਣਹੁ ਇਮਾਮ ਕਮਾਲ।
ਜੋ ਗ਼ਾਲਿਬ ਹੋਇ ਇਨਸਾਨ ਪਰ ਮਾਰਨ ਤਿਨ੍ਹਾਂ ਹਲਾਲ।
ਗਊ ਭੈਂਸ ਤੇ ਮੁਰਗੀਆਂ ਜੋ ਹੈਨ ਹੈਵਾਨ ਗਰੀਬ।
ਤਿਹ ਪਰ ਛੁਰੀ ਹਰਾਮ ਹੈ ਖਾਵਣ ਤਿਨਾਂ ਪਲੀਚ।
ਜਬਰਾਂ ਮਾਰਨ ਨ ਹੰਘੀਐ ਜੋ ਕਰਨ ਅਗੋਂ ਤੇ ਜ਼ੋਰ।
ਜਿਸ ਪਾਸ ਜੋਰਾ ਨਾ ਚਲੇ ਦੇਣ ਹਰਾਮ ਕਰ ਛੋਰ।
ਖਾਧਿਆਂ ਮਾਸ ਗੁਨਾਂਹ ਹੈ ਜੋਰੀ ਕੀਆ ਹਲਾਲ।
ਜੋਰੀ ਕੁੱਠਾ ਹਰਾਮ ਹੈ ਤਿਸਤੇ ਹੋਇ ਜਵਾਲ।

(ਕ) ਪੰਨਾ ੩੦੮- ਦਰਦਵੰਦ ਦਰਵੇਸ਼:-

ਤਉਰੇਤ ਅੰਜੀਲ ਜ਼ਬੂਰ ਫ਼ਰਕਾਨ। ਚਾਰੇ ਕੂਕਣ ਜ਼ੋਰ ਹਰਾਮ।
ਅੱਲਾ ਫ਼ੁਰਮਾਇਆ ਮੰਨੈ ਨ ਕੋਇ। ਆਖ਼ਰ ਵਕਤ ਨਿਬੇੜਾ ਹੋਇ।
ਬੇ ਜ਼ੁਬਾਨ ਪਰ ਛੁਰੀ ਹਰਾਮ। ਕਿਆਮਤ ਲੇਖਾ ਰਿਹਾ ਅਮਾਨ।
ਜੈਸਾ ਕਰੇ ਤੈਸਾ ਹੀ ਪਾਵੈ। ਹਥੋਂ ਹਥੀਂ ਝਗੜ ਚੁਕਾਵੈ।
ਸਾਬਰ ਦਰਦ ਵੰਦ ਦਰਵੇਸ਼।ਬੇ ਦਰਦਾਂ ਕੋ ਕਿਆਮਤ ਪੇਸ਼।
ਦੇਣਾਂ ਲੈਣਾਂ ਛਡੈ ਨ ਕੋਇ। ਆਖ਼ਰ ਵਕਤ ਨਿਬੇੜਾ ਹੋਇ।

(੬) **ਸ਼ੀਹੇਂ ਨੂੰ ਉਪਦੇਸ਼:-** ਖੰਡੂਰ ਸਾਹਿਬ ਤੋਂ ਗੋਇੰਦਵਾਲ ਤੋਂ ਜਾਂਦਿਆਂ ਸ੍ਰੀ ਗੁਰੂ ਅਗੰਦ ਦੇਵ ਜੀ ਨੂੰ ਸ਼ੀਹਾਂ ਉੱਪਲ (ਖੱਤ੍ਰੀ) ਰਸਤੇ ਵਿਚ ਮਿਲਿਆ।ਸ਼ੀਹਾਂ ਇਕ ਸੌ ਬੱਕਰੇ ਲਈ ਜਾ ਰਿਹਾ ਸੀ। ਗੁਰੂ ਜੀ ਨੇ ਪੁੱਛਿਆ, ਇਹ ਕਿਉਂ ਇਕੱਠੇ ਕੀਤੇ ਹਨ? ਉੱਤਰ ਦਿੱਤਾ, ਪੁੱਤ੍ਰ ਦੀਆਂ ਰੀਤਾਂ ਹਨ, ਮੇਲ ਮੰਡਲ ਤੇ ਬ੍ਰਾਦਰੀ ਨੂੰ ਰੋਟੀ ਦੇਣੀ ਹੈ। ਇਸ ਵਾਸਤੇ ਲੈ ਜਾ ਰਿਹਾ। ਗੁਰੂ ਜੀ ਨੇ ਕਿਹਾ :-

ਇਤਨੇ ਜੀਵਨ ਹਿੰਸਾ ਕਰੈਂ। ਪਾਪ ਬਿਸਾਲ ਆਪਨ ਸਿਰ ਧਰੈਂ।
ਅਬ ਤੌਂ ਸੁਗਮ ਜਾਨੀਐ ਕਰਬੋ। ਅੰਤ ਮਹਾ ਦੁਖ ਨਰਕਨ ਪਰਬੋ।
ਦੇਹਿਂ ਸਾਸਨਾਂ ਜਨ ਕੇ ਦੂਤ। ਤਹਾਂ ਨ ਪਹੁੰਚੈ ਬੰਧੁਪ ਪੂਤ॥੮॥
ਜਿਨ ਕੇ ਹਿਤ ਅਘ ਕਰਮ ਕਮਾਹਿ। ਤਹਾਂ ਨ ਰੰਚਕ ਹੋਇਂ ਸਹਾਇ।
ਸੁਖ ਭੋਗਹਿੰਗੇ ਸਗਰੇ ਲੋਕ। ਅਪਦਾ ਪਰੇ ਤੋਹਿ ਬਡ ਸ਼ੋਕ॥੯॥
ਧਰਮ ਰਾਇ ਜਬ ਕਰ ਹੈ ਲੇਖਾ। ਲਹੈ ਮਹਾ ਦੁਖ ਰਹੈ ਨ ਸੇਖਾ।

ਸਤਿਗੁਰਾਂ ਦੇ ਬਚਨ ਸੁਣ ਕੇ ਸ਼ੀਹਾਂ ਬਹੁਤ ਭੈਮਾਨ ਹੋਇਆ ਤੇ ਉਹਨਾਂ ਦੀ ਆਗਿਆ ਅਨੁਸਾਰ ਬੱਕਰੇ ਛੱਡ ਦਿੱਤੇ:-

ਅਜ ਖ਼ਲਾਸ ਤਿਸ ਛਿਨ ਸਭ ਕੀਨੇ।
ਗੁਰ ਕੇ ਚਰਨ ਕਮਲ ਮਨ ਲੀਨੇ।

(ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਰਾਸ ੧ ਅੰਸੂ ੨੬)

ਜੇਹੜੇ ਸੱਜਣ ਆਪਣਾ ਸੁਵਾਦ ਸਾਹਮਣੇ ਰਖ ਕੇ ਕਹਿੰਦੇ ਹਨ ਕਿ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮਾਸ ਬਣਿਆ ਕਰਦਾ ਸੀ। ਉਹ ਸ਼ੀਹੇਂ ਦੀ ਉਪਰੋਕਤ ਬਾਰਤਾ ਤੋਂ ਜੱਜ ਕਰ ਸਕਦੇ ਹਨ ਕਿ ਜੇ ਗੁਰੂ ਜੀ ਮਾਸ ਖਾਣਾ ਪਾਪ ਨਾ ਸਮਝਦੇ ਤਾਂ ਸੀਹੇਂ ਨੂੰ ਅਜਿਹਾ ਉਪਦੇਸ਼ ਦੇ ਕੇ ਬੱਕਰੇ ਕਿਉਂ ਛੁਡਵਾਂਦੇ? ਹੈਰਾਨੀ ਦੀ ਗਲ ਹੈ ਕਿ ਇਕ ਪਾਸੇ ਸ਼ੀਹੇਂ ਨੂੰ ਕਹਿਣ ਕਿ ਇਨ੍ਹਾਂ ਬੱਕਰਿਆਂ ਨੂੰ ਮਾਰਨਾ ਪਾਪ ਹੈ, ਜਿਸ ਕਰਕੇ ਉਸ ਨੂੰ ਜਮਾਂ ਦੀ ਮਾਰ ਸਹਿਣੀ ਪਵੇਗੀ ਤੇ ਦੂਜੇ ਪਾਸੇ ਆਪਣੇ ਹੀ ਲੰਗਰ ਵਿਚ ਮਾਸ ਪਕਾਣ ਵਾਸਤੇ ਹਰ ਰੋਜ਼ ਜੀਆਂ ਦਾ ਘਾਤ ਕਰਨ, ਅਜੇਹੀ ਗਲ ਕਦੇ ਨਹੀਂ ਹੋ ਸਕਦੀ। ਗੁਰੂ ਅਮਰਦਾਸ ਜੀ ਦੀ ਪ੍ਰੀਖਿਆ ਸਮੇਂ ਜੇ ਕੋਈ ਅਜੇਹੀ ਘਟਨਾ ਲਿਖੀ ਹੈ ਤਾਂ ਉਸ ਦੇ ਅਧਾਰ ਤੇ ਇਹ ਕਹਿਣਾ ਬੜਾ ਭਾਰੀ ਕੁਫ਼ਰ ਹੈ ਕਿ ਗੁਰੂ ਜੀ ਦੇ ਲੰਗਰ ਵਿਚ ਮਾਣ ਬਣਿਆ ਕਰਦਾ ਸੀ।

(੭) **ਭਾਈ ਤਿਲੋਕਾ:-** ਭਾਈ ਤਿਲੋਕ ਚੰਦ ਨੇ ਗੁਰੂ ਹਰਿਗੋਬਿੰਦ ਸਾਹਿਬ ਤੋਂ ਨਾਮ ਪ੍ਰਾਪਤ ਕੀਤਾ।ਗੁਰਮੰਤ੍ਰ ਦੇਣ ਉਪਰੰਤ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ

**ਸਰਬ ਭੂਤ ਆਤਮ ਪਿਖੋ ਕਿਸੇ ਦੁਖਾਵੋ ਨਾਹਿਂ।**
**ਯਾ ਸਮ ਭਗਤਿ ਨ ਹੋਰ ਹੈ ਸਤਿ ਧਰੋ ਰਿਦ ਮਾਹਿਂ।**

ਤਿਲੋਕ ਚੰਦ ਗ਼ਜ਼ਨੀ ਦੇ ਇਕ ਮੁਗ਼ਲ ਰਾਜੇ ਦਾ ਨੌਕਰ ਸੀ। ਇਕ ਦਿਨ ਉਸ ਨਾਲ ਭਾਈ ਸਾਹਿਬ ਸ਼ਿਕਾਰ ਖੇਡਨ ਗਏ। ਉਹਨਾਂ ਦੇ ਅਗੇ ਇਕ ਗਰਭਵਤੀ ਹਿਰਨੀ ਨਿਕਲੀ। ਭਾਈ ਜੀ ਨੇ ਘੋੜਾ ਦੁੜਾ ਕੇ ਮ੍ਰਿਗਣੀ ਤੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਉਸ ਵਿਚਾਰੀ ਦੇ ਬੱਚਿਆਂ ਸਮੇਤ ਦੋ ਟੁੱਕੜੇ ਹੋ ਗਏ। ਤਿਲੋਕ ਚੰਦ ਨੂੰ ਗੁਰੂ ਜੀ ਦਾ ਬਚਨ ਯਾਦ ਆਇਆ। ਜੀਅ ਘਾਤ ਕਰਨ ਤੇ ਡਾਢਾ ਪਛਤਾਇਆ। ਮਨ ਹੀ ਮਨ ਵਿਚ ਫੈਸਲਾ ਕੀਤਾ ਕਿ ਹੁਣ ਲੋਹੇ ਦੀ ਤਲਵਾਰ ਨਹੀਂ ਪਹਿਨਾਂਗਾ। ਘਰ ਜਾ ਕੇ ਲੱਕੜ ਦਾ ਫਲ ਮਿਆਂਨ ਵਿਚ ਪਾ ਲਿਆ। ਕਿਸੇ ਚੁਗਲਖੋਰ ਨੇ ਚੁਗਲੀ ਕੀਤੀ। ਮੁਗਲ ਨੇ ਅਚਾਨਕ ਹੀ ਸਭ ਦੀਆਂ ਤਲਵਾਰਾਂ ਦੇਖਣੀਆਂ ਸ਼ੁਰੂ ਕਰ ਦਿਤੀਆਂ। ਤਿਲੋਕ ਚੰਦ ਆਪਣੀ ਪੈਜ ਰੱਖਣ ਹਿੱਤ ਗੁਰੂ ਜੀ ਦੇ ਅਗੇ ਗੁਪਤ ਅਰਦਾਸ ਕੀਤੀ। ਜਦ ਮੁਗਲ ਦੀ ਅਗਯਾ ਅਨੁਸਾਰ ਤਲਵਾਰ ਕੱਢੀ ਤਾਂ ਕਾਠ ਦਾ ਫਲ ਫੁਲਾਦੀ ਲੋਹੇ ਦੀ ਚਮਕ ਨਾਲ ਇਉਂ ਚਮਕਿਆ ਕਿ ਦਰਸ਼ਕਾਂ ਦੀਆਂ ਅੱਖੀਆਂ ਚੁੰਧਿਆਂ ਗਈਆਂ।

**ਸਤਿ ਨਾਮ ਕਹਿ ਤੇਗ਼ ਨਿਕਾਰੀ। ਉੱਤਮ ਅਸਿਜਿਹ ਕੀਮਤ ਭਾਰੀ॥**
**ਤਿਲੋਕ ਦਿਖ ਧਨ ਗੁਰ ਕੋ ਕਹਾ । ਮੁਗਲ ਤੇਗ ਪਿਖ ਬਡ ਸੁਖ ਲਹਾ॥**

(ਗੁਰ ਬਿਲਾਸ ਪਾਤਸ਼ਾਹੀ ੬ ਅਧਯਾ, ੮, ਛੰਦ ੮੯ ਤੋਂ ੧੦੮ ਤਕ)

**ਝਟਕਾ ਤੇ ਹਲਾਲ:-** ਕਈ ਸਿੱਖ ਕਿਹਾ ਕਰਦੇ ਹਨ ਕਿ ਚਾਰ ਬੱਜਰ ਕੁਰ ਹਿਤਾਂ ਵਿਚੋਂ ਇਕ ਕੁੱਠਾ ਖਾਣ ਦੀ ਕੁਰਹਿਤ ਹੈ। ਅੰਮ੍ਰਿਤ ਛਕਾਣ ਸਮੇਂ ਹਦੈਤ ਕੀਤੀ ਜਾਂਦੀ ਹੈ ਕਿ "ਕੁੱਠਾ" ਨਹੀਂ ਖਾਣਾ। ਇਸ ਦਾ ਭਾਵ ਉਹ ਕਹਿੰਦੇ ਹਨ ਕਿ ਏਹੀ ਹੋ ਸਕਦਾ ਹੈ 'ਝੱਟਕਾ ਬੇਸ਼ੱਕ ਖਾ ਲੈਣਾ" ਪ੍ਰਤੂੰ ਇਹ ਕਲਪਨਾ ਸਹੀ ਨਹੀਂ ਹੈ ਕਿਉਂਕਿ ਇਕ ਤਾਂ ਗੁਰਬਾਣੀ ਵਿਚ ਕੁੱਠਾ ਨੂੰ ਪਦ ਮਾਰਨ ਦੇ ਅਰਥਾਂ ਵਿਚ ਵਰਤਿਆ ਹੈ ਅਤੇ ਜੀਅ ਘਾਤ ਕਰਨ ਦੀ ਸਖਤ ਮਨਾਹੀ ਕੀਤੀ ਹੈ ਅਰ ਹਿੰਸਾ ਝੱਟਕੇ ਨਾਲ ਵੀ ਹੋ ਜਾਂਦੀ ਹੈ ਤੇ ਹਲਾਲ ਨਾਲ ਵੀ-

**ਉਨ ਝਟਕਾ ਬਿਸਮਿਲ ਕੀਤਾ, ਦਇਆ ਦੁਹਾਂ ਤੇ ਭਾਗੀ।**
**ਕਹਿਤ ਕਬੀਰ ਸੁਨਹੁ ਰੇ ਸਾਧੋ ਅੱਗ ਦੁਹਾਂ ਘਰ ਲਾਗੀ।**
**"ਜੀਆਂ ਕੁਹਤ ਨ ਸੰਗੈ ਪ੍ਰਾਣੀ।"**
**ਪੁਨਾਂ- "ਕੁਹਿ ਨਕਰਾ ਰਿੰਨ ਖਾਇਆ ਸਭ ਕੋ ਆਖੈ ਪਾਇ"- ਪੁਨਾਂ**
**"ਭਾਉ ਦੁਧਾ ਕੁੱਠਾ।"**

ਤਵਾਰੀਖ ਗੁਰੂ ਖਾਲਸਾ ਹਿੱਸਾ ੧ ਦੇ ਪੰਨਾ ੯੧ ਤੋਂ ੯੪ ਤਕ ਗੁਰੂ ਨਾਨਕ ਦੇਵ ਜੀ ਦੇ ਜਨੇਊ ਪ੍ਰਕਰਣ ਦਾ ਵਰਨਣ ਹੈ ਜਿਸ ਵਿਚ ਲਿਖਿਆਂ ਹੈ, 'ਬਾਬੇ ਆਖਿਆ, ਪ੍ਰੋਹਿਤ ਜੀ, ਤੁਸੀ ਕਪਾਸ ਕਾ ਜੰਞੂ ਵਟ ਕੇ ਉਤਸ਼ਾਹ ਕੀਤਾ ਹੈ, ਨਿਉਤਾ ਦੇ ਕੇ ਬ੍ਰਾਹਮਣ ਬੁਲਾਏ, ਆਪਣੇ ਸੁਆਦ ਵਾਸਤੇ ਬੱਕਰਾ ਮਾਰਿਆ। ਕਿਉਂਕਿ ਖਤ੍ਰੀ ਲੋਕ ਹਲਾਲ ਨਹੀ ਝੱਟਕਾ ਕਰਦੇ ਹਨ ਤੇ ਝਟਕੇ ਹੋਏ ਬਕਰੇ ਵਾਸਤੇ ਗੁਰੂ ਨਾਨਕ ਦੇਵ ਜੀ ਨੇ "ਕੁਹਿ" ਸਬਦ ਦੀ ਵਰਤੋਂ ਕੀਤੀ ਹੈ-

**"ਕੁਹਿ ਬਕਰਾ ਰਿੰਨ ਖਾਇਆ"**

ਤਾਂ ਤੇ ਗੁਰਬਾਣੀ ਵਿਚ ਕੁਹਣਾਂ ਤੇ ਝਟਕਣਾਂ ਮਾਰਨ ਦੇ ਅਰਥਾਂ ਵਿਚ ਹੀ ਪ੍ਰਯੁਕਤ ਹੋਏ ਹਨ। ਸੋ ਅੰਮ੍ਰਿਤ ਛਕਾਣ ਸਮੇਂ ਸ੍ਰੀ ਕਲਗੀਧਰ ਵਲੋਂ "ਕੁੱਠਾ ਨਾ ਖਾਣ" ਦਾ ਉਪਦੇਸ਼ "ਮਾਸ ਨਾ ਖਾਣ ਦੇ ਅਰਥਾਂ ਨੂੰ ਹੀ ਸਿੱਧ ਕਰਦਾ ਹੈ। ਜੇ ਥੋੜੇ ਚਿਰ ਲਈ ਜੇ "ਕੁੱਠਾ" ਨਹੀਂ ਖਾਣ ਦਾ ਏਹੀ ਭਾਵ ਗ੍ਰਹਿਣ ਕਰ ਲਿਆ ਜਾਏ ਕਿ -ਝੱਟਕਾ ਖਾ ਲੈਣਾ" ਤਾਂ "ਤੁਰਕਣੀ ਗਮਨ ਨਾ ਕਰਨ" ਵਾਲੀ ਬੱਜਰ ਕੁਰਹਿਤ ਦਾ ਅਰਥ ਇਹ ਹੋਵੇਗਾ ਕਿ -ਹਿੰਦਣੀ ਬੇਸ਼ੱਕ...... ? ਅਜੇਹੀ ਕਲਪਨਾ ਕੋਈ ਵੀ ਸਦਾਚਾਰੀ ਅਤੇ ਬੁੱਧਵਾਨ ਕਰਨ ਲਈ ਤਿਆਰ ਨਹੀਂ ਹੋ ਸਕਦਾ। ਇਹ ਬੱਜਰ ਕੁਰਹਿਤ ਹੈ- "ਤਮਾਕੂ ਨਾ ਪੀਣ ਦੀ" ਤਾਂ ਇਸ ਦਾ ਅਰਥ ਇਹ ਲਾ ਲੈਣਾ ਮਹਾਨ ਮੂਰਖਪੁਨੇ ਦਾ ਸਬੂਤ ਹੋਵੇਗਾ ਕਿ -"ਸਰਾਬ ਬਿਨਾਂ ਸੰਗ ਪੀ ਲੈਣੀ"। ਵਿਚਾਰ ਯੋਗ ਗਲ ਇਹ ਹੈ ਕਿ ਗੁਰੂ ਸਾਹਿਬਾਂ ਨੇ ਹਿੰਸਾ ਤੇ ਜੀਅ ਘਾਤ ਕਰਨ ਦੀ ਸਖ਼ਤ ਮਨਾਹੀ ਕੀਤੀ ਹੈ। ਅਰ ਹਿੰਸਾ ਝਟਕਵੇ ਨਾਲ ਵੀ ਹੋ ਜਾਂਦੀ ਹੈ ਤੇ ਹਲਾਲ ਕਰਨ ਨਾਲ ਵੀ-

**ਉਨ ਝਕਟਾ ਉਨ ਬਿਸਮਿਲ ਕੀਆ ਦਇਆ ਦੁਹਾਂ ਤੇ ਭਾਗੀ।**
**ਕਹਿਤ ਕਬੀਰ ਸੁਨਹੁ ਰੇ ਸਾਧੋ ਅੱਗ ਦੁਹਾਂ ਘਰ ਲਾਗੀ॥**

**ਮਹਾਪ੍ਰਸ਼ਾਦ:-** ਮਾਸਾਹਾਰੀ ਸਿੱਖ ਮਾਸ ਨੂੰ "ਮਹਾਪ੍ਰਸ਼ਾਦ" ਕਹਿ ਕੇ ਸਤਿਕਾਰ ਦੇ ਹਨ। ਪ੍ਰੰਤੂ ਸਿੱਖ ਸਾਹਿਤ ਵਿਚ ਇਸਦੇ ਵਾਸਤੇ 'ਮਹਾਪ੍ਰਸ਼ਾਦ" ਸ਼ਬਦ ਕਿਤੇ ਵੀ ਨਹੀਂ ਵਰਤਿਆ ਗਿਆ।ਭਾਈ ਗੁਰਦਾਸ ਜੀ ਨੇ ਇਸ ਨੂੰ ਕੜਾਹ ਪ੍ਰਸ਼ਾਦ ਦੇ ਅਰਥਾਂ ਵਿਚ ਨਿਰਸੰਦੇਹ ਵਰਤਿਆ ਹੈ।-**ਆਣ ਮਹਾਂ ਪ੍ਰਸ਼ਾਦ ਵੰਡ ਛਕਾਇਆ ।**

ਸੋ ਸਾਧ ਸੰਗਤ ਵਿਚ ਕੜਾਹ ਪ੍ਰਸ਼ਾਦ ਹੀ ਵੰਡਿਆ ਜਾਂਦਾ ਹੈ, ਨਾ ਕਿ ਮਾਣ। ਮਾਸ ਜੈਸੀ ਨਿਖਿੱਧ ਵਸਤੂ ਨੂੰ - "ਮਹਾਂਪ੍ਰਸ਼ਾਦ" ਕਹਿਣਾ ਵਾਮ ਮਾਰਗ ਦੀ ਨਕਲ ਹੈ। ਉਨ੍ਹਾਂ ਦੇ ਤੰਤ੍ਰ ਪੁਸਤਕਾਂ ਵਿਚ ਭੈੜੀਆਂ ਤੇ ਅਪਵਿੱਤਰ ਚੀਜ਼ਾਂ ਨੂੰ ਚੰਗੇ ਤੇ ਉੱਤਮ ਨਾਵਾਂ ਨਾਲ ਸਤਕਾਰਨ ਦਾ ਯਤਨ ਕੀਤਾ ਗਿਆ ਹੈ। ਜੈਸੇ 'ਮੱਛੀ' ਨੂੰ ਉਹ "ਜਲ ਤੁੰਬਕਾ", ਸ਼ਰਾਬ ਨੂੰ "ਤੀਰਥ ਯਾਤ੍ਰਾ" ਅਤੇ ਭੈਰਵੀ ਚੱਕਰ ਵੇਲੇ ਸ਼੍ਰਾਬੀ ਦੀ ਕੈ ਖਾ ਜਾਣੇ ਵਾਲੇ ਨੂੰ -"ਮਹਾਂਸਿੱਧ" ਆਖਦੇ ਹਨ। ਚਕਰਵਰਤੀ ਜੀ ਨੇ ਮਹਾਂਪੁਰਖਾਂ ਦੀ ਉਪਮਾ ਵਿਚ ਲਿਖਿਆ ਗਿਆ ਹੈ ਕਿ ਸਰਾਬ ਖਾਨੇ ਦੀ ਬੈਠਕੇ ਜਿਹੜੇ ਮਨੁੱਖ ਸਰਾਬ ਦੀ ਬੋਤਲ ਤੇ ਬੋਤਲ ਗਟਕ ਜਾਏ, ਤੇ ਰਾਤ ਨੂੰ ਬਿਰਾਜੇ ਵੇਸ਼ਵਾ ਦੇ ਘਰ, ਉਸਨੂੰ ਚਕ੍ਰਵਰਤੀ ਮਹਾਤਮਾ ਸਮਝਨਾ ਚਾਹੀਦਾ ਹੈ। ਲਿਖਿਆ ਹੈ:-

**ਹਾਲਾਂ ਪੀਬਤਿ ਦੀਖਸ਼ਿਤ ਸੈ, ਮੰਦਰੇ ਸ਼ਪਤੋ ਨਿਸ਼ਯਾ।**
**ਗਣਿਕਾ ਗ੍ਰਹਿਏਸ਼ੂ ਵਿਰਾਜਤੇ ਸਾ ਕੌਲਵ ਚੱਕ੍ਰਵਰਤੀ।**

ਇਸ ਤਰ੍ਹਾਂ ਦੇ ਹੋਰ ਵੀ ਅਨੇਕਾਂ ਸੰਕੇਤ ਹਨ ਜਿਨ੍ਹਾਂ ਦੁਆਰਾ ਗੰਦੀਆਂ ਤੋਂ ਗੰਦੀਆਂ ਗਲਾਂ ਨੂੰ ਸੁੰਦਰ ਤੇ ਰੋਚਕ ਸ਼ਬਦਾਂ ਨਾਲ ਸ਼ਿੰਗਾਰਨ ਦਾ ਜਤਨ ਕੀਤਾ ਗਿਆ ਹੈ। ਸੋ ਮਾਸਾਹਾਰੀ ਭਾਈਆਂ ਵਲੋਂ ਮਾਸ ਜੈਸੀ ਪਾਸ਼ਵਕ ਅਤੇ ਨਿਖਿੱਧ ਖ਼ੁਰਾਕ ਤੇ ਵੀ "ਮਹਾਂਪ੍ਰਸ਼ਾਦ" ਦਾ ਲੇਬਲ ਏਸੇ ਖਿਆਲ ਨਾਹੀ ਲਾਇਆ ਗਿਆ ਜਾਪਦਾ ਹੈ ਕਿ ਇਸ ਨੂੰ ਭੈੜੀ ਤੇ ਨਾ ਖਾਣ ਯੋਗ ਅਭੱਖ ਵਸਤੂ ਸਮਝ ਕੇ ਖਾਣ ਵਾਲਿਆਂ ਨਾ ਘ੍ਰਿਣਾ ਨਾ ਕੀਤੀ ਜਾਵੇ।

**ਮਾਸ ਅਤੇ ਬੀਰਤਾ:-** ਕਈ ਸੱਜਨ ਕਿਹਾ ਕਰਦੇ ਹਨ ਕਿ ਮਾਸ ਖਾਣ ਨਾਲ ਬੀਰਤਾ ਪੈਦਾ ਹੁੰਦੀ ਹੈ। ਇਸ ਲਈ ਸਿੱਖਾਂ ਜੈਸੀ ਮਾਰਸ਼ਲ ਰੇਸ ਨੂੰ ਮਹਾਪ੍ਰਸ਼ਾਦ ਜਰੂਰ ਛਕਣਾ ਚਾਹੀਦਾ ਹੈ। ਪ੍ਰੰਤੂ ਜਗਤ

ਪ੍ਰਸਿੱਧ ਸੂਰਬੀਰਾਂ ਦਾ ਇਤਿਹਾਸ ਇਸ ਗਲ ਦੀ ਨਾ ਕੇਵਲ ਪੁਸ਼ਟੀ ਹੀ ਨਹੀਂ ਸਗੋਂ ਖੰਡਨ ਵੀ ਕਰਦਾ ਹੈ। ਸਿੱਖ ਇਤਿਹਾਸ ਇਸ ਗਲ ਦਾ ਸਾਥੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਅਤੇ ਸਾਹਿਬਜ਼ਾਦੇ ਅਜਿਹੇ ਹਾਲਾਤ ਵਿਚ ਸ਼ਹੀਦ ਹੋਏ ਕਿ ਓਨ੍ਹਾਂ ਨੂੰ ਲੰਗਰ ਵਲੋਂ ਵੀ ਫਾਕੇ ਹੀ ਕੱਟਣੇ ਪੈਂਦੇ ਸਨ। ਇਤਿਹਾਸ ਦੁਆਰਾ ਉਹਨਾਂ ਦਾ ਮਾਸ ਅਹਾਰੀ ਹੋਣਾ ਕਿਤਿਉਂ ਵੀ ਸਿੱਧ ਨਹੀਂ ਹੁੰਦਾ। ਪਰ ਇਸ ਦੇ ਬਾਵਜੂਦ ਉਹਨਾਂ ਦੀ ਇਹ ਜੰਗੀ ਸਪਿਰਿਟ ਦੀ ਕਿਤੇ ਵੀ ਮਿਸਾਲ ਨਹੀਂ ਮਿਲਦੀ। ਕਿਰਪਾਲ ਚੰਦ ਉਦਾਸੀ, ਪੰਜੇ ਪਿਆਰੇ, ਚਾਲੀ ਮੁਕਤੇ ਅਤੇ ਬੰਦੇ ਬਹਾਦੁਰ ਜੈਸੇ ਜਰਨੈਲਾਂ ਜਿਨ੍ਹਾਂ ਨੇ ਜੰਗ ਕਰਦਿਆਂ ਵਿਰੋਧੀ ਦਲਾਂ ਦੇ ਦੰਦ ਖਟੇ ਕਰ ਦਿੱਤੇ, ਉੱਕਾ ਹੀ ਮਾਸ ਨਹੀਂ ਖਾਂਦੇ ਸਨ। ਭਾਈ ਮਤਾਬ ਸਿੰਘ, ਸੁੱਖਾਂ ਸਿੰਘ ਜੈਸੇ ਬਹਾਦੁਰ, ਜਿਨ੍ਹਾਂ ਨੇ ਮੱਸੇ ਰੰਗੜ ਦਾ ਸਿਰ ਕੱਟ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਵਿੱਤਰਤਾ ਨੂੰ ਕਾਇਮ ਰਖਿਆ, ਮਾਸ ਨਹੀਂ ਖਾਂਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਪਿਆਰੇ ਸਿੱਖ ਜੋ ਅੰਮ੍ਰਿਤਸਰ, ਮਲੇਰਕੋਟਲੇ ਅਤੇ ਰਾਏਕੋਟ ਦੇ ਬੁਚੱੜਾਂ ਨੂੰ ਮਾਰ ਕੇ ਸ਼ਹੀਦ ਹੋਏ, ਫਾਂਸੀਆਂ ਤੇ ਲਟਕੇ, ਤੋਪਾਂ ਅੱਗੇ ਉੱਡੇ ਅਤੇ ਜਲਾਵਤਨ ਹੋਏ, ਮਾਸ ਖਾਣਾ ਤਾਂ ਦਰ ਕਿਨਾਰ, ਮਾਸਾਹਾਰੀਆਂ ਦੇ ਘਰਾਂ ਦਾ ਪਾਣੀ ਵੀ ਨਹੀਂ ਪੀਂਦੇ ਸਨ।ਸੰਨ ੧੯੧੧ ਵਿਚ ਲਾਰਡ ਹਾਰਡਿੰਗ ਦੀ ਰਸਮ ਤਾਜਪੋਸ਼ੀ ਦੇ ਮੌਕੇ ਰੱਸਾ ਖਿਚਣ ਵਾਲੀਆਂ ਸਮੂਹ ਸਰਕਾਰੀ ਅਤੇ ਗੈਰ ਸਰਕਾਰੀ ਟੀਮਾਂ ਵਿਚੋਂ ਜਿਸ ਟੀਮ ਨੇ ਵਾਇਸ ਰਾਇਗਲ ਟੀਮ ਨੂੰ ਵੀ ਖਿੱਚ ਕੇ ਅਵੱਲ ਦਰਜੇ ਦਾ ਇਨਾਮ ਹਾਸਿਲ ਕੀਤਾ ਸੀ, ਉਹ ਪਿੰਡ ਢੋਟੀਆਂ ਜ਼ਿਲਾ ਅੰਮ੍ਰਿਤਸਰ ਦੇ ਨਾਮਧਾਰੀ ਸਿੱਖਾਂ ਦੀ ਟੀਮ ਸੀ, ਜਿਨ੍ਹਾਂ ਨੇ ਕਦੇ ਮਾਸ ਨੂੰ ਤੱਕਿਆ ਵੀ ਨਹੀਂ ਸੀ। ਉਨ੍ਹਾਂ ਨੂੰ ਇਨਾਮ ਵਜੋਂ ਜ਼ਿਲਾ ਲਾਇਲਪੁਰ ਵਿਚ ਇਕ ਪਿੰਡ ਮਿਲਿਆ ਜਿਸ ਦਾ ਨਾਉਂ ਢੋਟੀਆਂ ਹੀ ਪ੍ਰਸਿੱਧ ਹੋਇਆ। ਇਸ ਲਈ ਇਹ ਗਲ ਉੱਕਾ ਹੀ ਨਿਰਮੂਲ ਹੈ ਕਿ ਮਾਸ ਖਾਣ ਨਾਲ ਬੀਰਤਾ ਪੈਦਾ ਹੁੰਦੀ ਹੈ। ਹਾਂ, ਕਾਇਰਤਾ ਅਵੱਸ਼ ਹੁੰਦੀ ਉਪਜਦੀ ਹੈ। ਕਿਉਂਕਿ ਮਾਸਾਹਾਰੀ ਜਦ ਆਪਣੇ ਸੁਵਾਦ ਬਦਲੇ ਕੁੱਕੜ ਯਾ ਬੱਕਰੇ ਨੂੰ ਫੜਦੇ ਤੇ ਮਾਰਨ ਲਗਦੇ ਹਨ ਤਾਂ ਉਹਨਾਂ ਦੇ ਅੰਦਰ ਡਰ ਤੇ ਸਹਿਮ ਪੈਦਾ ਹੋਇਆ ਹੁੰਦਾ ਹੈ, ਸੋ ਅਜਿਹੇ ਪਸ਼ੂ ਦਾ ਮਾਸ ਖਾਣ ਵਾਲੇ ਵਿਚ ਕਾਇਰਤਾ ਦੇ ਪ੍ਰਮਾਣੂੰ ਜਰੂਰ ਪੈਦਾ ਹੋਣਗੇ।

**ਮਾਸ ਮਾਸ ਕਰ ਮੂਰਖ ਝਗੜੇ:-** ਕੁਰਖੇਤ੍ਰ ਵਿਖੇ ਸੂਰਜ ਗ੍ਰਹਿਣ ਦੇ ਸਮੇਂ ਗੁਰੂ ਨਾਨਕ ਦੇਵ ਜੀ ਦੇ ਮਾਸ ਰਿੰਨ੍ਹਣ ਦਾ ਪ੍ਰਕਰਣ ਮਾਸਾਹਾਰੀ ਸਿੱਖਾਂ ਦੀ ਤਕੜੀ ਓਟ ਬਣਿਆ ਹੋਇਆ ਹੈ। ਪ੍ਰਤੂੰ ਇਸ ਦੁਆਰਾ ਮਾਸ ਖਾਣ ਦੀ ਸਿੱਧੀ ਨਹੀਂ ਸਗੋਂ ਖੰਡਨ ਹੁੰਦਾ ਹੈ। ਭਿੰਨ ਭਿੰਨ ਇਤਿਹਾਸ ਲੇਖਕਾਂ ਨੇ ਇਸ ਵਿਸ਼ਿਆ ਵਿਚ ਜੋ ਕੁਝ ਵੀ ਲਿਖਿਆ ਹੈ ਉਸ ਨੂੰ ਆਲਿਮ ਲੋਕ -"ਇਜਤਮਾਇਜ਼ਿਦੈਨ" ਕਹਿੰਦੇ ਹਨ ਉਨ੍ਹਾਂ ਦੇ ਬਿਆਨ ਇਕ ਦੂਜੇ ਤੋਂ ਭਿੰਨ ਹੋਣ ਦੇ ਕਾਰਨ ਉਨ੍ਹਾਂ ਗਵਾਹੀਆਂ ਹੈਸੀਅਤ ਰਖਦੇ ਹਨ ਜਿਨ੍ਹਾਂ ਨੂੰ ਮੈਜਿਸਟ੍ਰੇਟ ਪ੍ਰਸਪਰ ਵਿਰੋਧੀ ਅਤੇ ਮੁਕਦਮੇ ਦੇ ਸਬੂਤ ਵਿਚ ਨਾ ਅਹਿਲ ਸਮਝਦਾ ਹੋਇਆ ਰੱਦ ਕਰ ਦਿੰਦਾ ਹੈ। ਏਥੇ ਸੰਖੇਪ ਵਿਚ ਉਨ੍ਹਾਂ ਦਾ ਵਰਨਣ ਕੀਤਾ ਜਾਣਾ ਉਚਿਤ ਪ੍ਰਤੀਤ ਹੁੰਦਾ ਹੈ।

**(੧) ਪਹਿਲੀ ਸ਼ਹਾਦਤ ਹੈ ਭਾਈ ਬਾਲੇ ਵਾਲੀ ਜਨਮ ਸਾਖੀ**

ਇਹ ਸਭ ਤੋਂ ਵੱਡੀ ਸਾਖੀ ਟਾਈਪ ਵਿਚ ਛਪੀ ਹੋਈ ਹੈ ਅਤੇ ਏਹੀ ਗੁਰੂ ਨਾਨਕ ਦੇਵ ਜੀ ਦਾ ਮੁਲਕ ਮੰਨਿਆ ਜਾਂਦਾ ਹੈ। ਇਸ ਦੇ ਪੰਨਾ ੩੨੭ ਤੋਂ ੩੨੯ ਤੱਕ ਇਹ ਕਥਾ ਲਿਖੀ ਗਈ ਹੈ। ਮੁੱਢ ਇਉਂ ਬੱਧਾ ਹੈ ਕਿ :-ਪਟਨੇ ਕੇ ਰਾਜੇ ਕਾ ਪੁਤ੍ਰ ਦੁਸ਼ਮਨਾਂ ਦਾ ਭਜਾਇਆ ਹੋਇਆ ਉਸ ਸਮੇਂ ਕੁਲਛੇਤ੍ਰ ਮੇਂ ਆਇਆ ਤਾਂ ਉਹ ਰਸਤੇ ਵਿਚੋਂ ਸ਼ਿਕਾਰ ਖੇਡ ਕੇ ਮ੍ਰਿਗ ਮਾਰ ਲਿਆਇਆ, ਉਹ ਮ੍ਰਿਗ ਗੁਰੂ ਜੀ ਅਗੇ ਭੇਟ ਕੀਤਾ। -ਅਗੇ ਲਿਖਿਆ ਹੈ ਕਿ ਗੁਰੂ ਜੀ ਦੀ ਅਗਯਾ ਅਨੁਸਾਰ ਭਾਈ ਬਾਲੇ ਨੇ ਦੇਗ ਵਿਚ ਰਿੰਨ੍ਹਣਾ ਧਰ ਦਿੱਤਾ। ਸੰਨਿਆਸੀਆਂ ਦੇ ਪੁੱਛਣ ਤੇ ਗੁਰੂ ਜੀ ਨੇ ਕਿਹਾ, "ਮਾਸ ਧਰਿਆ ਹੈ" ਤਾਂ ਸੰਨਿਆਸੀਆਂ ਕਿਹਾ, "ਭਾਈ ਉਧਰ ਸੂਰਜ ਗ੍ਰਹਿਣ ਲਗਾ ਹੈ, ਤੂੰ ਮਾਸ ਰਿੰਨ੍ਹ ਕਰ ਖਾਂਦਾ ਹੈ" ? ਤਾਂ ਸ੍ਰੀ ਬਾਬੇ ਨੇ ਕਿਹਾ - "ਗਿਆਨ ਮੈਂ ਬਾਤ ਕਰੋ।" ਤਾਂ ਇੱਕ ਸੰਨਿਆਸੀ ਹੋਰਨਾਂ ਲੋਕਾਂ ਨੂੰ ਹਟਾਇ ਕਰ ਕਿਹਾ, "ਸੰਤ ਜੀ ਗਿਆਨ ਕੀ ਬਾਤ ਕਰੋ ਜੀ" ਤਾਂ ਸ੍ਰੀ ਗੁਰੂ ਜੀ ਇਕ ਸਲੋਕ ਉਚਾਰਨ ਕੀਤਾ,

ਉਹ ਸਲੋਕ ਸੀ ਗ੍ਰੰਥ ਸਾਹਿਬ ਵਿਖੇ ਮਲਾਰ ਦੀ ਵਾਰ ਵਿਚ ਅੰਕਿਤ ਹਨ। **"ਪਹਿਲਾਂ ਮਾਸਹੁ ਨਿੰਮਿਆਂ"** ਆਦਿ । ਸਲੋਕ ਸੁਣ ਕੇ ਸਭ ਦੀ ਨਿਸ਼ਾ ਹੋਈ ।ਗ੍ਰਹਿਣ ਹਟਣ ਪਿੱਛੋਂ ਓਸੇ ਦੇਗ ਵਿੱਚੋਂ ਰਾਜਕੁਮਾਰ ਦੇ ਹੱਥੀਂ ਸਭ ਨੂੰ ਖੀਰ ਖਵਾਈ ਲਿਖੀ ਹੈ।

**(੨) ਦੂਜੀ ਗਵਾਹੀ** ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੀ ਹੈ। ਇਸਦੇ ਅਧਯਾ ੯ ਛੰਦ ੧੬੧ ਤੋਂ ਇਹ ਕਥਾ ਸ਼ੁਰੂ ਹੁੰਦੀ ਹੈ। ਜਿਸ ਵਿਚ ਦਰਜ ਹੈ ਕਿ ਭਾਈ ਜੇਠੇ ਦੇ ਪ੍ਰਸ਼ਨ ਕਰਨ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕੁਲਖੇਤ੍ਰ ਦਾ ਪ੍ਰਸੰਗ ਦਸਦਿਆਂ ਹੋਇਆ ਕਿਹਾ ਕਿ ਗੁਰੂ ਜੀ ਨੇ ਭਾਈ ਬਾਲੇ ਨੂੰ ਆਗਯਾ ਕਰਕੇ ਮੱਛੀ ਦਾ ਮਾਸ ਮੰਗਵਾਇਆ–

**ਮੱਛੀ ਮਾਸ ਲਿਆਵੋ ਬਾਲਾ ਆਗਯਾ ਮਾਨ ਸਿਧਾਏ।**

ਗੁਰੂ ਆਗਯਾ ਅਨੁਸਾਰ ਬਾਲਾ ਜੀ ਨੇ ਮਾਸ ਰਿੰਨ੍ਹਣਾ ਧਰ ਦਿੱਤਾ। ਪਤਾ ਲਗਣ ਤੇ ਨਾਨੂੰ ਪੰਡਿਤ ਨੇ ਆਪਣੀ ਜਮਾਤ ਸਮੇਤ ਪੁੱਜ ਕੇ ਇਤਰਾਜ਼ ਕੀਤਾ ਤਾਂ ਉਨ੍ਹਾਂ ਦਾ ਮਾਨ ਨਵਿਰਤ ਕਰਨ ਅਰਥ ਗੁਰੂ ਜੀ ਨੇ ਮਲਾਰ ਦੀ ਵਾਰ ਵਾਲੇ ਸਲੋਕ ਉਚਾਰੇ ਅਤੇ ਸਭ ਦਾ ਮਾਨ ਨਿਵਾਰਕੇ ਰੱਖ ਦਿੱਤਾ:–

**ਤਾਂਤੇ ਮਾਨ ਨਿਵਾਰਨ ਹੇਤਾ। ਭਾਖੇ ਬਚ ਗੁਰ ਕ੍ਰਿਪਾ ਨਿਕੇਤਾ**

ਉਪਰੰਤ ਗੁਰੂ ਜੀ ਦੇ ਕਹਿਣ ਤੇ ਕੁੰਨੀ ਭੰਨ ਦਿੱਤੀ ਜਿਸ ਵਿਚੋਂ ਕੁਝ ਵੀ ਨਾ ਨਿਕਲਿਆ। ਦੇਖ ਕੇ ਸਭ ਹੈਰਾਨ ਰਹਿ ਗਏ।

**ਬਾਲੇ ਕੁੰਨੀ ਭੂਮਿ ਗਿਰਾਈ। ਕਛ ਨ ਮਾਸ ਦਿਖ ਬਿਸਮੈ ਪਾਈ।**

(ਛੰਦ ੧੮੩)

(੩) ਤੀਜੀ ਸ਼ਹਾਦਤ ਸ੍ਰੀ ਮਾਨ ਕਵੀ ਮਾਰਤੰਡ ਭਾਈ ਸੰਤੋਖ ਸਿੰਘ ਜੀ ਦਾ ਬਿਆਨ ਹੈ :–

**ਸ੍ਰੀ ਨਾਨਕ ਮਨ ਠਾਨੀ ਐਸੇ। ਇਨਸੌਂ ਚਰਚਾ ਕਰੀਐ ਕੈਸੇ।**
**ਪੰਡਿਤ ਬਡੇ ਰਿਦੇ ਜਿਨ ਗਰਬਾ। ਮਾਨੀ ਸੰਨਿਆਸੀ ਜੇ ਸਰਬਾ।**

ਅਗੇ ਲਿਖਿਆ ਹੈ – ਰਾਜ ਕੁਮਾਰ ਨੇ ਮ੍ਰਿਗ ਮਾਰ ਕੇ ਭੇਟਾ ਕੀਤਾ ਤੇ ਉਸਦੇ ਹੱਥੀਂ ਹੀ ਗੁਰੂ ਜੀ ਨੇ ਉਸਦਾ ਮਾਸ ਰਿੰਨ੍ਹਣਾ ਧਰਾਇਆ। ਨਾਨੂੰ ਜੈਸੇ ਪੰਡਿਤਾਂ ਨੇ ਪੁੱਛਿਆ ਕਿ ਪਰਬ ਕਾਲ ਵਿਖੇ ਮਾਸ ਕਿਉਂ ਧਰਿਆ ਹੈ ? ਗੁਰੂ ਜੀ ਨੇ ਕਿਹਾ, 'ਅਸਾਂ ਤਾਂ ਗਊਆਂ ਦਾ ਦੁੱਧ ਮੰਗਾ ਕੇ ਖੀਰ ਚਾੜ੍ਹੀ ਹੈ:–

**ਤਬ ਬੋਲੇ ਪ੍ਰਭ ਗੁਣੀ ਗਹੀਰਾ। ਹਮ ਤੋ ਧਰਿਓ ਦੇਗ ਮਹਿ ਖੀਰਾ।**
**ਬਹੁਤੀ ਧੇਨ ਚੁਆਇ ਮੰਗਾਈ। ਰੀਧਹਿ ਪਾਇਸ ਕੋ ਇਹ ਥਾਈ।**

ਮਲਾਰ ਵਾਲੇ ਸਲੋਕ ਉਚਾਰਨ ਕਰਕੇ ਸਭ ਨੂੰ ਨਿਰੁੱਤ੍ਰ ਕੀਤਾ। ਭਾਈ ਸੰਤੋਖ ਸਿੰਘ ਜੀ ਨੇ ਵੀ ਮਾਸ ਵਾਲੇ ਬਰਤਨ ਵਿਚੋਂ ਖੀਰ ਬ੍ਰਾਮਦ ਕਰਕੇ ਸਭ ਨੂੰ ਛਕਾਈ ਪ੍ਰਗਟ ਕੀਤੀ ਹੈ।

(ਨਾਨਕ ਪ੍ਰਕਾਸ਼ ਉਤ੍ਰਾਰਧ ਖੰਢ ਧਿਆਇ ੭)

(੪) **ਚੌਥੀ ਗਵਾਹੀ :–** ਇਸ ਵਿਸ਼ਯ ਵਿਚ ਨਿਰਮਲ ਪੰਥ ਭੂਸ਼ਣ ਸ੍ਰੀ ਮਾਨ ਗਿਆਨੀ ਗਿਆਨ ਸਿੰਘ ਜੀ ਦੀ ਹੈ। ਆਪਨੇ ਆਪਣੀ ਪ੍ਰਸਿੱਧ ਰਚਨਾ "ਤਵਾਰੀਖ਼ ਗੁਰੂ ਖਾਲਸਾ" ਭਾਗ ੧ ਨੰਬਰ ਦੇ ਪੰਨਾ ੧੪੪ ਤੋਂ ੧੪੯ ਤਕ ਸਾਰੀ ਕਥਾ ਜਨਮ ਸਾਖੀ ਦੇ ਅਨੁਸਾਰ ਹੀ ਲਿਖੀ ਹੈ ਪਰ ਮਿਰਗ ਭੇਟ ਕਰਨ ਵਾਲਾ ਪਟਨੇ ਦੇ ਰਾਜਕੁਮਾਰ ਦੇ ਥਾਂ ਹਾਸੀ ਵਾਲੇ ਰਾਜਾ ਅੰਮ੍ਰਿਤ ਰਾਏ ਦਾ ਬੇਟਾ ਜਗਤ ਰਾਏ ਲਿਖਿਆ ਹੈ।

(੫) ਇਸ ਵਿਸ਼ੇ ਵਿਚ ਪੰਜਵੀਂ ਸ਼ਹਾਦਤ ਉਸ ਗਿਆਨੀ ਦਿੱਤ ਸਿੰਘ ਜੀ ਦੀ ਹੈ ਜੋ ਸਿੰਘ ਸਭਾ ਦੇ ਬਾਨੀਆਂ ਵਿਚੋਂ ਇਕ ਪ੍ਰਸਿੱਧ ਵਿਅਕਤੀ ਸਨ। ਉਨ੍ਹਾਂ ਨੇ ਆਪਣੀ ਪੋਥੀ –"ਸ੍ਰੀ ਗੁਰੂ ਨਾਨਕ ਪ੍ਰਬੋਧ" ਦੇ ਪੰਨਾ ੧੧੦ ਤੇ ਲਿਖਿਆ ਹੈ ਕਿ ਜਿਸ ਵੇਲੇ ਗੁਰੂ ਜੀ ਨੇ ਇਹ ਵੇਖਿਆ ਹੈ ਕਿ ਇਸ ਤੀਰਥ ਤੇ ਸਭ ਪਾਸਿਆਂ ਤੇ ਲੋਕ ਆ ਰਹੇ ਹਨ–

**ਤਿਸੀ ਕਾਲ ਗੁਰ ਜੂ ਯਹ ਕੀਨਾਂ। ਬੱਕਰਾ ਮਾਰ ਮਾਸ ਤਿਸ ਲੀਨਾਂ।**
**ਚਾੜ ਦੇਗਚੀ ਆਗ ਜਲਾਈ । ਬੈਠੇ ਆਪ ਪਕਾਵਤ ਆਈ।**
**ਜਬ ਲੋਕਨ ਯਹ ਹਾਲ ਨਿਹਾਰੋ। ਹਾਹਾਕਾਰ ਕਹਿ ਊਚ ਪੁਕਾਰੋ।......**
**ਚਾਰੋਂ ਓਰ ਘੇਰ ਕਰ ਠਾਂਢੇ । ਮਹਾ ਅਗਨ ਮਨਮਹਿ ਰਿਸ ਬਾਢੇ।**
**ਤਿਨ ਮਹਿ ਪਾਂਡਾ ਏਕ ਪੁਰਾਨਾਂ। ਆਯੋ ਮਹਾ ਭਰਾ ਅਭਿਮਾਨਾਂ ।**
**ਯਾਹਿ ਸਮੇਂ ਪੂਰਬੀ ਕੇ ਮਾਹੀ ਸੂਰਜ ਗ੍ਰਹਨ ਭਯੋ ਹੈ ਯਾਂਹੀ।**
**ਮਾਸ ਮਹਾ ਨੀਚਨ ਕੋ ਖਾਨਾ। ਤੁਮਨੇ ਚਹਾ ਸੁ ਯਹਾ ਪਕਾਨਾਂ।**
**ਜਬ ਪਾਂਡੇ ਇਸ ਭਾਂਤ-ਪੁਕਾਰਾ। ਤਬ ਗੁਰੂ ਨਾਨਕ ਸ਼ਬਦ ਉਚਾਰਾ।**
**-ਪਹਿਲਾਂ ਮਾਸਹੁੰ ਨਿੰਮਿਆ-**

ਇਹ ਹਨ ਇਸ ਮੁਕਦਮੇ ਵਿਚ ਪੰਜ ਸ਼ਹਾਦਤਾਂ ਜਿਨ੍ਹਾਂ ਦਾ ਕਾਫੀ ਸਮੇਂ ਵਿਚ ਮਤਭੇਦ ਨਜ਼ਰ ਆ ਰਿਹਾ ਹੈ ਭਾਈ ਬਾਲਾ ਜੀ ਦਾ ਮਤ ਹੈ ਕਿ ਪਟਨੇ ਦੇ ਰਾਜਾ ਨੇ ਮਿਰਗ ਮਾਰ ਕੇ ਭੇਟ ਕੀਤਾ ਤੇ ਗੁਰੂ ਜੀ ਦੇ ਕਹਿਨ ਅਨੁਸਾਰ ਬਾਲੇ ਨੇ ਰਿੱਧਾ। ਗੁਰੂ ਬਿਲਾਸ ਦਾ ਕਰਤਾ ਭਾਈ ਭਗਤ ਸਿੰਘ ਜੀ ਭਾਈ ਮਨੀ ਸਿੰਘ ਜੀ ਸ਼ਹੀਦ ਦਾ ਸ਼ਾਗਿਰਦ ਰਸ਼ੀਦ ਗੁਰੈ ਹਰਿਗੋਬਿੰਦ ਜੀ ਦੀ ਜ਼ੁਬਾਨੀ ਕਹਿੰਦਾ ਹੈ ਕਿ ਗੁਰੂ ਜੀ ਨੇ ਭਾਈ ਬਾਲੇ ਨੂੰ ਭੇਜ ਕੇ ਮੱਛੀ ਦਾ ਮਾਸ ਮੰਗਵਾਇਆ ਤੇ ਬਾਲੇ ਨੇ ਰਿੱਧਾ। ਭਾਈ ਸੰਤੋਖ ਸਿੰਘ ਜੀ ਨੇ ਕਿਹਾ ਹੈ ਕਿ ਇਕ ਰਾਜਕੁਮਾਰ ਮਿਰਗ ਮਾਰ ਕੇ ਲਿਆਇਆ ਸੀ। ਪਰ ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ ਜਨਾਬ ਵਾਲਾ ਉਹ ਹਾਂਸੀ ਵਾਲਾ ਰਾਜਕੁਮਾਰ ਜਗਤ ਰਾਏ ਸੀ ਸਿੰਘ ਸਭਾ ਦੇ ਮੁੱਖ ਨੇਤਾ ਗਿਆਨੀ ਦਿੱਤ ਸਿੰਘ ਜੀ ਦਾ ਫੁਰਮਾਨ ਹੈ ਕਿ ਇਹ ਸਾਰੇ ਹੀ ਗਲਤ ਕਹਿ ਰਹੇ ਹਨ ਕਿ ਮ੍ਰਿਗ ਯਾ ਮੱਛੀ ਦਾ ਮਾਸ ਚਾੜ੍ਹਿਆ ਸੀ। ਗੁਰੂ ਜੀ ਨੇ ਤਾਂ ਆਪ ਬੱਕਰਾ ਲਿਆ ਕੇ ਮਾਰਿਆ ਤੇ ਆਪਨੇ ਹੀ ਪਰਮ ਪਵਿੱਤਰ ਕਮਲਾਂ ਨਾਲ ਉਸ ਦਾ ਮਾਸ ਤਿਆਰ ਕੀਤਾ ਸੀ। ਜਨਮ ਸਾਖੀ ਦੇ ਕਰਤਾ ਜੀ ਕਹਿੰਦੇ ਹਨ ਕਿ ਲੋਕਾਂ ਦੇ ਪ੍ਰਸ਼ਨ ਕਰਨ ਤੇ ਗੁਰੂ ਜੀ ਨੇ ਕਿਹਾ, ਅਸ਼ਾਂ ਮਾਸ ਧਰਿਆ ਹੈ। ਪਰ ਭਾਈ ਸੰਤੋਖ ਜੀ ਕਹਿੰਦੇ ਹਨ, ਨਾ ਭਾਈ ਗੁਰੂ ਜੀ ਨੇ ਕਿਹਾ ਸੀ, ਅਸੀਂ ਖੀਰ ਚਾੜ੍ਹੀ ਹੈ। ਜਨਮ ਸਾਖੀ ਅਤੇ ਨਾਨਕ ਪ੍ਰਕਾਸ਼ ਵਿਚ ਮਗਰੋਂ ਖੀਰ ਬਣ ਗਈ ਤੇ ਖਵਾਈ ਲਿਖੀ ਹੈ। ਪਰ ਗੁਰੂ ਬਿਲਾਸ ਦੇ ਕਰਤਾ ਜੀ ਛੇਵੇਂ ਪਾਤਸ਼ਾਹ ਜੀ ਦੀ ਜ਼ੁਬਾਨੀ ਲਿਖਦੇ ਹਨ ਕਿ ਜਦ ਕੁੰਨੀ ਭੰਨੀਂ ਗਈ ਤਾਂ ਵਿਚੋਂ ਕੁਝ ਵੀ ਨਾ ਨਿਕਲਿਆ। ਅਜਿਹੇ ਬਿਆਨ ਦੇ ਕੇ ਇਹਨਾਂ ਇਤਿਹਾਸਕਾਰਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਤਮਾਸ਼ਾ ਕਰਨ ਵਾਲਾ ਮਧਾਰੀ ਸਿੱਧ ਕਰਨ ਦੀ ਪੂਰੀ ਕੋਸ਼ਿਸ ਕੀਤੀ ਹੈ। ਹਾਂ ਇਸ ਗਲ ਤੇ ਇਹ ਸਾਰੇ ਸਜੱਣ ਮੁਤਫ਼ਿਕ ਹਨ ਕਿ ਗੁਰੂ ਜੀ ਨੇ ਇਹ ਸਲੋਕ ਵਿਦਿਆ ਅਭਿਮਾਨੀ ਪੰਡਤਾਂ ਦਾ ਮਾਨ ਉਤਾਰਨ ਵਾਸਤੇ ਉਚਾਰੇ ਸਨ। ਦੂਜੇ ਇਸ ਗਲ ਵਿਚ ਇਨ੍ਹਾਂ ਪੰਜਾਂ ਇਤਿਹਾਸਕਾਰਾਂ ਦਾ ਏਕਾ ਹੈ ਕਿ ਇਸ ਡਰਾਮੇ ਦੇ ਅੰਤਿਮ ਸੀਨ ਵਿਚ ਕਿਸੇ ਨੇ ਵੀ ਨਹੀਂ ਲਿਖਿਆ ਕਿ ਗੁਰੂ ਜੀ ਨੇ ਇਨ੍ਹਾਂ ਸਲੋਕਾਂ ਦੁਆਰਾ ਮਾਸ ਦਾ ਖਾਣਾ ਸਿੱਧ ਕਰਕੇ ਸਭ ਨੂੰ ਹਦੈਤ ਕੀਤੀ ਹੈ ਕਿ ਭਾਈ ਨਿਸ਼ੰਗ ਹੋ ਕੇ ਮਾਸ ਖਾਇਆ ਕਰੋ, ਕਿਉਂਕਿ ਇਸ ਵਿਚ ਕੋਈ ਪਾਪ ਨਹੀਂ ਹੈ।

**ਇਕ ਹੋਰ ਵਿਚਾਰ:-** ਇਸ ਵਿਚ ਕੋਈ ਸੰਦੇਹ ਨਹੀਂ ਕਿ ਇਨ੍ਹਾਂ ਸਲੋਕਾਂ ਵਿਚ ਆਦਿ ਤੋਂ ਲੈ ਕੇ ਅੰਤ ਤੱਕ ਮਾਸ ਦਾ ਹੀ ਵਰਨਣ ਹੈ, ਪ੍ਰੰਤੂ ਇਨ੍ਹਾਂ ਵਿਚ ਵਕਤ ਦਾ ਦ੍ਰਿਸ਼ਟੀਕੋਣ ਸਮਝਣ ਦੀ ਲੋੜ ਹੈ। ਗੁਰੂ ਜੀ ਨੇ ਮਾਤਾ, ਪਿਤਾ, ਭੈਣ, ਭਰਾ, ਇਸਤ੍ਰੀ, ਪੁਰਸ਼ ਅਤੇ ਮਨੁੱਖ ਸਰੀਰ ਦੇ ਅੰਗਾਂ ਤੱਕ ਨੂੰ ਮਾਸ ਰੂਪੀ ਕਰਕੇ ਹੀ ਵਰਨਣ ਕੀਤਾ ਹੈ। ਮੂੰਹ, ਜੀਭ, ਹੱਡ, ਚੰਮ, ਤੇ ਥਣ ਆਦਿਕ ਸਭ ਸਮਗੱਰੀ ਮਾਸ ਹੀ ਹੈ, ਜਿਸ ਨੂੰ ਕੁਦਰਤੀ ਤੌਰ ਤੇ ਸਾਰੀ ਲੋਕਾਈ ਕਿਸੇ ਨਾ ਕਿਸੇ ਤਰ੍ਹਾਂ ਵਰਤ ਰਹੀ ਹੈ। ਪ੍ਰੰਤੂ ਮਾਸਾਹਾਰੀ ਮਨੁੱਖਾਂ ਦੇ ਝੱਟਕੇ ਯਾ ਹਲਾਲ ਦੇ ਤਰੀਕਿਆਂ ਨਾਲ ਅਜਿਹੇ ਮਾਸ ਦੀ ਵਰਤੋਂ ਤਾਂ ਅਸੱਭਯ ਤੋਂ ਅਸੱਭਯ ਮਨੁੱਖ ਵੀ ਨਹੀਂ ਕਰ ਸਕਦੇ। ਮਾਤਾ ਦੇ ਥਣਾਂ ਦੁਆਰਾ ਦੁੱਧ ਪੀ ਕੇ ਮਾਨਵੀ ਸੰਤਾਨ ਅੱਜ ਤੱਕ ਪਲਦੀ ਆ ਰਹੀ ਹੈ ਅਤੇ ਪਲਦੀ ਰਹੇਗੀ। ਪ੍ਰੰਤੂ ਜੇ ਮਾਸਾਹਾਰੀਆਂ ਦੇ ਤਰੀਕੇ ਨਾਲ ਉਨ੍ਹਾਂ ਦਾ ਝੱਟਕਾ ਯਾ

ਹਲਾਲ ਕਰਨ ਦੀ ਚੇਸ਼ਟਾ ਕੀਤੀ ਜਾਏ ਤਾਂ ਸ੍ਰਿਸ਼ਟੀ ਦਾ ਸਿਲ ਸਿਲਾ ਕਦ ਤਕ ਚਾਲੂ ਰਹਿ ਸਕੇਗਾ? ਇਸਤਰੀ ਤੇ ਪੁਰਸ਼ ਗ੍ਰਿਹਸਤ ਮਾਰਗ ਦੀ ਮਰਯਾਦਾ ਅਨੁਸਾਰ ਪ੍ਰਸਪਰ ਨਿਬਾਹ ਕਰਦੇ ਹਨ, ਪ੍ਰੰਤੂ ਜੇ ਉਹ ਟੋਕੇ ਕੁਹਾੜੀਆ ਲੈ ਕੇ ਮਹਾਂਪ੍ਰਸ਼ਾਦ ਬਣਾਉਨ ਹਿੱਤ ਇਕ ਦੂਜੇ ਦੇ ਦੁਆਲੇ ਹੋ ਜਾਣ ਤਾਂ ਇਹ ਰਾੜ੍ਹੇ ਕਿੰਨਾਂ ਚਿਰ ਲਗ ਸਕੱਣਗੇ? ਸੋ ਗੁਰੂ ਜੀ ਕਹਿੰਦੇ ਹਨ ਕਿ-

**ਮਾਸੁ ਮਾਸੁ ਕਰਿ ਮੂਰਖੁ ਝਗੜੇ, ਗਿਆਨ ਧਿਆਨ ਨਹੀਂ ਜਾਣੈ।**
**ਕਉਣ ਮਾਸੁ ਕਉਣ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ।**

ਮੂਰਖ ਆਦਮੀ ਮਾਸ ਮਾਸ ਕਰ ਝਗੜਦੇ ਹਨ, ਪਰ ਮਾਸ ਕੀ ਹੈ? ਤੇ ਸਾਗ ਕੀ ਹੈ ? ਤੇ ਪਾਪ, ਮਾਸ ਖਾਣ ਨਾਲ ਹੈ, ਕਿ ਸਾਗ ਖਾਣ ਨਾਨ, ਇਸ ਦਾ ਮਰਮ ਨਹੀਂ ਜਾਣਦੇ। ਇਹ ਪ੍ਰਸ਼ਨ ਬੜੇ ਮਹੱਤਵ ਦੇ ਹਨ। ਕਿਉਂਕਿ ਗੁਰੂ ਜੀ ਮਾਂ, ਪਿਉ, ਇਸਤ੍ਰੀ, ਪੁੱਤ੍ਰ, ਭੈਣ, ਭਾਈ, ਰਾਜਾ ਅਤੇ ਪਰਜਾ ਸਭ ਨੂੰ ਹੀ ਮਾਸ ਰੂਪ ਹੀ ਕਹਿ ਰਹੇ ਹਨ। ਅਤੇ ਮਾਸ ਹੀ ਸਭ ਦਾ ਇਕੋ ਜੇਹਾ ਅਤੇ ਬਣਤਰ ਵਿਚ ਕੋਈ ਭੇਦ ਨਹੀਂ ਹੈ ਅਤੇ ਵਰਤੋਂ ਅਤੇ ਬਿਵਹਾਰ ਵਿਚ ਫ਼ਰਕ ਹੈ। ਇਕ ਇਸਤਰੀ ਨੂੰ ਪਤੀ ਆਪਣੀ ਇਸਤਰੀ ਸਮਝ ਕੇ ਵਿਹਾਰ ਕਰਦਾ ਹੈ, ਪੁੱਤ੍ਰ ਆਪਣੀ ਮਾਤਾ, ਭਰਾ ਆਪਣੀ ਭੈਣ, ਸਹੁਰਾ ਆਪਣੀ ਨੂੰਹ ਅਤੇ ਭਤੀਜੀ ਆਪਣੀ ਚਾਚੀ ਤਾਈ ਸਮਝ ਕੇ ਸਤਕਾਰ ਕਰਦੇ ਹਨ। ਹੁਣ ਮਾਸ ਤਾਂ ਇਕੋ ਜਿਹਾ ਹੈ, ਪਰ ਬਿਵਹਾਰ ਵਿਚ ਫ਼ਰਕ ਕਿਉਂ ਪੈ ਗਿਆ ?

**ਮਾਸੁ ਮਾਸੁ ਕਰਿ ਮੂਰਖੁ ਝਗੜੇ, ਗਿਆਨ ਧਿਆਨ ਨਹੀਂ ਜਾਣੈ।**
**ਕਉਣ ਮਾਸੁ ਕਉਣ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ।**

ਦੀ ਉਲਝਣ ਏਥੇ ਹੀ ਸੁਲਝੇਗੀ। ਗੁਰੂ ਜੀ ਨੇ ਏਥੇ ਮਾਸ ਅਹਾਰ ਅਤੇ ਸਾਗ ਅਹਾਰ ਨੂੰ ਸਾਹਮਣੇ ਰੱਖ ਕੇ ਪੁੱਛ ਕੀਤੀ ਹੈ ਕਿ ਮਾਤਾ, ਪੁੱਤ੍ਰ, ਭੈਣ, ਭਾਈ ਅਤੇ ਪੁਤਰੀ ਆਦਿ ਹੈਨ ਤਾਂ ਸਾਰੇ ਮਾਸ ਦੇ ਭਾਂਡੇ, ਪਰ ਏਨਾਂ ਵਿਚੋਂ ਮਾਸ ਕਿਹੜਾ ਹੈ ਤੇ ਸਾਗ ਕਿਹੜਾ ਹੈ ? ਮਾਸ ਦਾ ਅਰਥ ਏਥੇ ਅਯੋਗ ਅਤੇ ਸਾਗ ਦਾ ਅਰਥ ਯੋਗ ਸਮਝਣਾ ਚਾਹੀਦਾ ਹੈ। ਜਿਵੇਂ ਆਪਣੀ ਇਸਤਰੀ ਨਾਲ ਇਸਤਰੀ ਬਿਵਹਾਰ ਕਰਨਾ ਸਾਗ, ਪਰ ਮਾਤਾ, ਭੈਣ, ਪੁਤ੍ਰੀ ਯਾ ਕਿਸੇ ਹੋਰ ਇਸਤ੍ਰੀ ਵਲ ਮੰਦ ਦ੍ਰਿਸ਼ਟੀ ਨਾ ਤੱਕਣਾ ਮਾਸ ਅਰਥਾਤ ਪਾਪ ਹੈ। ਸੋ ਵਿਚਾਰ ਅਨੁਸਾਰ ਇਨ੍ਹਾਂ ਸਲੋਕਾਂ ਵਿਚ ਜਗਤ ਪ੍ਰਸਿੱਧ ਮਾਸ ਖਾਣਾ ਇਸ਼ਟ ਨਹੀਂ, ਸਗੋਂ ਮਾਸ ਸੰਸਾਰ ਵਿਚ ਆਪਣੇ ਆਪਣੇ ਅਧਿਕਾਰ ਅਨੁਸਾਰ ਵਰਤੋਂ ਕਰਨੀ ਪ੍ਰਯੋਜਨ ਹੈ ਤਾਂ ਤੇ ਗੁਰਬਾਣੀ ਅਰ ਇਤਿਹਾਸ ਦੇ ਚਾਨਣੇ ਹੇਠ ਇਹਨਾਂ ਲੋਕਾਂ ਦੁਆਰਾ ਮਾਸ ਖਾਣ ਦੀ ਸਿੱਧੀ ਨਹੀਂ ਹੁੰਦੀ। ਪਾਠਕ ਪਿੱਛੇ ਦੇਖ ਚੁੱਕੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਵਲੂਤ ਦਾ ਘਰ ਦਾ ਭੋਜਨ ਤਕ ਸ੍ਵੀਕਾਰ ਉਦੋਂ ਤੱਕ ਨਹੀਂ ਸੀ ਕੀਤਾ, ਜਦੋਂ ਤੱਕ ਉਸ ਨੇ ਉਹਨਾਂ ਨਾਲ ਮਾਸ ਨਾ ਖਾਣ ਦਾ ਪ੍ਰਣ ਨਹੀਂ ਕਰ ਲਿਆ।

## ਡਾਕਟਰਾਂ ਅਤੇ ਵਿਦਵਾਨਾਂ ਦੇ ਫੈਸਲੇ

(੧) ਡਾਕਟਰ ਚੂਨੀ ਲਾਲ ਬੋਸ ਆਈ.ਐਸ.ਓ, ਐਮ.ਬੀ., ਐਫ ਸੀ. ਨੇ ਜੋ ਅੰਗ੍ਰੇਜ਼ਾਂ ਦੇ ਸਮੇਂ ਬੰਗਾਲ ਗਵਰਮੈਂਟ ਦੇ ਕਾਇਮ ਮੁਕਾਮ ਕੇਮੀਕਲ ਐਗਜ਼ੈਮੀਨਰ ਸਨ, ਆਪਣੇ ਰਸਾਲੇ "ਹੈਲਥ ਐਂਡ ਹੈਪੀਨੈਸ" ਅਕਤੂਬਰ ੧੯੨੦ ਵਿਚ ਲਿਖਿਆ ਸੀ ਕਿ-

"ਹਿੰਦੋਸਤਾਨ ਦੀ ਵੱਸੋ ਦਾ ਬਹੁਤ ਵੱਡਾ ਹਿੱਸਾ ਮੱਛੀ ਦੇ ਮਾਸ ਨੂੰ ਛੋਂਹਦਾ ਤੱਕ ਨਹੀਂ। ਉਹਨਾਂ ਦੀ ਖੁਰਾਕ ਵਿਚ ਪ੍ਰੋਟੀਨ ਵਾਲੀਆਂ ਸਭ ਤੋਂ ਵਧੀਆਂ ਚੀਜ਼ਾਂ ਦੁੱਧ ਯਾ ਦਹੀ ਤੋਂ ਬਣੀਆਂ ਹੋਈਆਂ ਹਨ।"

(੨) ਡਾਕਟਰ ਰਾਬਰਟ ਏ.ਐਮ.ਈ.ਬੀ., ਐਸ. ਸੀ. ਸੀ. ਲੰਡਨ ਆਪਣੀ ਪੁਸਤਕ "ਫਸਟ ਸਟੇਜ ਹਾਈਜੈਨ" ਦੇ ਪੰਨਾ ੯੬ ਤੇ ਲਿਖਦੇ ਹਨ:-

"ਆਮ ਦਾਲਾਂ, ਮਟਰ, ਲੋਬੀਆਂ ਤੇ ਮਸਰ ਹਨ। ਇਹ ਹੋਰ ਸਬਜ਼ੀਆਂ ਨਾਲੋਂ ਵਿਸ਼ੇਸ਼ਤਾ ਰਖਦੀਆਂ ਹਨ, ਕਿਉਂਕਿ ਇਨ੍ਹਾਂ ਵਿਚ ਹੋਰ ਭਾਜੀਆਂ ਨਾਲੋਂ ਪ੍ਰੋਟੀਨ ਸਭ ਤੋਂ ਵਧੇਰੇ ਹੁੰਦੀ ਹੈ। ਸਾਡੀ ਸਭ ਖੁਰਾਕਾਂ ਵਿਚੋਂ ਬਿਨਾਂ ਪਨੀਰ ਦੇ ਇਹ ਸਭ ਤੋਂ ਵਧੀਕ ਪ੍ਰੋਟੀਨ ਵਾਲੀ ਖੁਰਾਕ ਹੈ।"

(੩) ਡਾਕਟਰ ਟਾਮਸਨ ਡਿਟਨ ਆਪਣੀ ਪ੍ਰਸਿੱਧ ਪੁਸਤਕ "ਰੈਸ਼ਨਲ ਆਫ਼ ਵੈਜੀਟੈਰੀਅਨਿਜ਼ਮ" ਦੇ ਪੰਨਾ ੭-੮ ਉੱਤੇ ਲਿਖਦੇ ਹਨ ਕਿ-

"ਫਲਾਂ ਵਿਚ ਅੱਸੀਂ ਫ਼ਿਸਦੀ ਤੋਂ ਵਧੀਕ ਪਾਣੀ, ੮ ਤੋਂ ੧੨ ਫ਼ੀਸਦੀ ਚੀਨੀ ਅਤੇ ੧ ਤੋਂ ੪ ਫ਼ੀਸਦੀ ਤੱਕ ਲੂਣ ਹੁੰਦਾ ਹੈ। ਇਨ੍ਹਾਂ ਦਾ ਪਾਣੀ ਬਹੁਤ ਉੱਤਮ ਤੇ ਲਹੂ ਸੋਧਕ ਹੁੰਦਾ ਹੈ। ਬਹੁਤ ਸਾਫ਼ ਤਰ੍ਹਾਂ ਦੀ ਖੰਡ ਜੋ ਲਹੂ ਵਿਚ ਝਟਪਟ ਰੱਲ ਹੋ ਜਾਂਦੀ ਹੈ ਅਤੇ ਬਹੁਤ ਹੀ ਕੀਮਤੀ ਨਮਕੀਨ ਮਾਦਾ। ਪੱਕੇ ਫਲ ਬਹੁਤ ਮੁਕੰਮਲ ਹਾਲਿਤ ਵਿਚ, ਸੱਜਰੇ ਯਾ ਡਿੱਬਿਆਂ ਵਿਚ ਸਾਂਭੇ ਹੋਏ ਧੁੱਪ ਵਿਚ ਸੁਕੇ ਹੋਏ ਅਤਿ ਬਲ ਵਰਧਕ ਹਨ। ਖਾਨ ਵਾਲੀ ਨਾਲੀ ਵਿਚ ਜੋ ਹਾਜ਼ਮੇ ਦਾ ਕੰਮ ਹੁੰਦਾ ਹੈ, ਉਸ ਦੀ ਸਮਾਨਤਾ ਨੂੰ ਫਲ ਥਿਰ ਰੱਖਦੇ ਹਨ। ਲਹੂ ਨੂੰ ਖਾਰ ਪੁਚਾ ਕੇ ਉਸ ਨੂੰ ਠੰਢਾ ਤੇ ਸ਼ੁੱਧ ਰੱਖਦੇ ਹਨ। ਜਿਸ਼ਮ ਦੇ ਖਰਾਬ ਹੋਏ ਹੋਏ ਰੇਸ਼ਿਆਂ ਦੀ ਮੁਰੰਮਤ ਕਰਦੇ ਹਨ, ਅਤੇ ਜਿਸ਼ਮ ਦੇ ਹਰ ਹਿੱਸੇ ਵਿਚ ਨਵੀਂ ਰੌਂ ਅਤੇ ਸ਼ਕਤੀ ਪੈਦਾ ਕਰਦੇ ਹਨ।"

(੪) ਡਾਕਟਰ ਬੈਲ ਆਪਣੀ ਕਿਤਾਬ "ਨੈਚਰਲ ਐਂਡ ਹਯੂਮਨ ਡਾਇਟ" (ਕੁਦਰਤੀ ਅਤੇ ਮਨੁੱਖੀ ਅਹਾਰ) ਦੇ ਪੰਨਾ ੧੯ ਤੇ ਲਿਖਦੇ ਹਨ-

"ਮੈਂ ਬਹੁਤ ਸਾਰੇ ਮਨੁੱਖਾਂ ਦੇ ਲਹੂਆਂ ਦੀਆਂ ਤਸਵੀਰਾਂ ਲਈਆਂ, ਜਿੰਨਾਂ ਵਿਚੋਂ ਚੰਗੀਆਂ ਉਹਨਾਂ ਦੀਆਂ ਨਿਕਲੀਆਂ ਜੋ ਮਾਸ ਨਹੀਂ ਸਨ ਖਾਂਦੇ"

ਏਸੇ ਕਿਤਾਬ ਦੇ ਪੰਨਾ ੨੯ ਤੇ ਮਿਸਟਰ ਸਿਡਨੀ ਲਿਖਦੇ ਹਨ-

"ਸਬਜ਼ੀ ਅਹਾਰ ਕਰਨ ਵਾਲਾ ਆਦਮੀਂ ਮਾਸ ਖਾਣ ਵਾਲੇ ਨਾਲੋਂ ੧੦ ਸਾਲ ਵਧੀਕ ਜਿਊਂਦਾ ਹੈ ਤੇ ਮਾਸਾਹਾਰੀ ਨਾਲੋਂ ਉਹ ਬੀਮਾਰ ਵੀ ਘੱਟ ਹੁੰਦਾ ਹੈ।"

(੫) ਡਾਕਟਰ ਐਡਮ ਐਡਨਬਰਗ, ਜੋ ਸੰਸਾਰ ਵਿਚ ਇਕ ਬੜਾ ਵੱਡਾ ਇਤਿਹਾਸਵੇਤਾ ਮੰਨਿਆਂ ਗਿਆ ਹੈ, "ਕੁਰਦਤੀ ਅਤੇ ਮਾਨਵੀ ਖ਼ੁਰਾਕ" ਨਾਮ ਦੀ ਕਿਤਾਬ ਦੇ ਪੰਨਾ ੨੯ ਤੇ ਲਿਖਦੇ ਹਨ ਕਿ -

"ਮੈਨੂੰ ੬੦ ਸਾਲ ਦੀ ਉਮਰ ਵਿਚ ਅਧਰੰਗ ਹੋ ਗਿਆ, ਜੋ ਕਿ ਮਾਸ ਨੂੰ ਤਿਆਗ ਕੇ ਸ਼ੁੱਧ ਬਨਸਪਤੀ ਖ਼ੁਰਾਕ ਨਾਲ ਹਟਿਆ, ਹੁਣ ਮੈਂ ੬੨ ਸਾਲ ਦਾ ਹਾਂ ਪਰ ਅਜੇ ਤਲ ਮੈਨੂੰ ਕੋਈ ਰੋਗ ਨਹੀਂ ਲੱਗਾ"।

(੬) ਏਸੇ ਹੀ ਕਿਤਾਬ ਪੰਨਾ ੨੮ ਵਿਚ ਡਾਕਟਰ ਹੈਲਸ ਲਿਖਦਾ ਹੈ ਕਿ-

"ਮੈਨੂੰ ੭ ਸਾਲ ਮਾਸ ਤਿਆਗਿਆਂ ਨੂੰ ਹੋਏ ਹਨ, ਏਥੋਂ ਤੱਕ ਕਿ ਮੈਂ ਆਂਡੇ, ਦੁੱਧ ਤੇ ਪਨੀਰ ਵੀ ਨਹੀਂ ਵਰਤਦਾ, ਪਰ ਮੇਰੀ ਸਿਹਤ ਬਹੁਤ ਚੰਗੀ ਹੈ। ਹੁਣ ਮੈਂ ਆਪਣੀ ੭੯ ਸਾਲ ਤੇ ੯ ਮਹੀਨਿਆਂ ਦੀ ਉਮਰ ਵਿਚ ਹਰ ਰੋਜ਼ ਬਾਈਸਿਕਲ ਤੇ ੪੦ ਤੋ ੫੦ ਮੀਲ ਤੱਕ ਸਫਰ ਕਰ ਸਕਦਾ ਹਾਂ"।

(੭) ਪ੍ਰੋਫੈਸਰ ਵਿਲੀਯਮ ਲੌਰੈਂਸ ਐਫ.ਆਰ. ਸੀ. ਉਪਰੋਕਤ ਕਿਤਾਬ ਦੇ ਪੰਨਾ ੪ ਤੇ ਲਿਖਦੇ ਹਨ :-

"ਮਨੁੱਖਾਂ ਦੇ ਦੰਦਾਂ ਅਤੇ ਮਾਸ਼ ਖਾਣ ਵਾਲੇ ਜਾਨਵਰਾਂ ਦੇ ਦੰਦਾਂ ਵਿਚ ਕਾਫ਼ੀ ਫਰਕ ਹੈ। ਜਾਨਵਰਾਂ ਦੇ ਦੰਦ ਇਸ ਤਰ੍ਹਾਂ ਦੇ ਬਣੇ ਹੁੰਦੇ ਹਨ, ਜਿੰਨਾਂ ਨਾਲ ਉਹ ਮਾਸ ਨੂੰ ਚਬਾ ਕੇ ਹਜ਼ਮ ਕਰ ਸਕਣ। ਮਨੁੱਖ ਦੇ ਦੰਦ ਕਿਸੇ ਤਰ੍ਹਾਂ ਵੀ ਦਰਿੰਦਿਆਂ ਦੇ ਦੰਦਾਂ ਨਾਲ ਮੇਲ ਨਹੀਂ ਮਿਲਦੇ"।

(੮) ਏਸੇ ਹੀ ਕਿਤਾਬ ਦੇ ਪੰਨਾ ੪੦ ਤੇ ਲਿਖਿਆਂ ਹੈ ਕਿ ਡਾਕਟਰ ਜੋਸ਼ੀ ਓਲਡ ਫੀਲਡ ਸੀਨੀਅਰ ਡਾਕਟਰ ਲੇਡੀ ਮਾਰਗਟ ਹਸਪਤਤਾਲ ਬ੍ਰਹਾਮਲੇ (ਇੰਲੈਂਡ) ਅਖ਼ਬਾਰ "ਹੈਲਡ ਆਫ ਦੀ ਗੋਲਡਨ ਏਜ" ਜਨਵਰੀ ੧੯੦੫ ਵਿਚ ਲਿਖਦਾ ਹੈ:-

"ਮਨੁੱਖ ਦੇ ਡੂੰਘੇ ਹਿਰਦੇ ਵਿਚ ਫਲਾਂ, ਫੁੱਲਾਂ ਦੀ ਕੁਦਰਤੀ ਖ਼ੁਰਾਕ ਦੀ ਇੱਛਾ ਟਿੱਕੀ ਹੋਈ ਹੈ। ਉਹ ਫਲਾਂ ਵਿਚ ਇਉਂ ਦੌੜਦਾ ਹੈ ਜਿਵੇਂ ਜਾਨਵਰ ਮਾਸ ਦੇ ਟੁਕੜੇ ਵੱਲ ਲਪਕਦਾ ਹੈ। ਪਹਿਲੀ ਅਵਸਥਾ ਵਿਚ ਮਨੁੱਖ ਨੇ ਉਹ ਖਾਧਾ ਜੋ ਉਸ ਨੂੰ ਮਿਲ ਨਾ ਸਕਿਆ। ਦੂਜੀ ਅਵਸਥਾ ਵਿਚ ਉਸ ਨੇ ਉਹ ਖਾਧਾ ਜੋ ਉਸ ਨੂੰ ਪਸੰਦ ਆਇਆ ਤੇ ਤੀਜੀ ਅਵਸਥਾ ਵਿਚ ਉਸ ਨੂੰ ਉਹ ਖਾਣਾ ਚਾਹੀਦਾ ਹੈ ਜੋ

ਉਸ ਦੀ ਚੋਣ ਵਿਚ ਲਾਭਦਾਇਕ ਹੋਵੇ। ਜੇ ਮਨੁੱਖ ਮਾਸ ਅਹਾਰ ਨੂੰ ਤਿਆਗ ਕੇ ਖ਼ੁਰਾਕ ਦੀ ਵਰਤੋਂ ਕਰੇ ਤਾਂ ਸੰਸਾਰ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਘੱਟ ਜਾਵਣ ਅਤੇ ਮਨੁੱਖ ਪਹਿਲਾਂ ਨਾਲੋਂ ਵਧੀਕ ਬਲਵਾਨ ਤੇ ਪ੍ਰਸੰਨ ਭਾਸੇ"।

(੯) ਏਸੇ ਹੀ ਕਿਤਾਬ ਦੇ ਪੰਨਾ ੩੧ ਤੇ ਪ੍ਰੋਫੈਸਰ ਚਿਟਨ ਡੈਨ ਪੈ.ਐਚ.ਡੀ, ਐਸ.ਸੀ, ਡੀ.ਐਲ.ਐਲ. ਡੀ. ਆਫ ਦੀ ਯੁਨਾਈਟੇਡ ਸਟੇਟਜ਼ ਡਿਪਾਰਟਮੈਂਟ ਆਫ਼ ਐਗਰੀਕਲਚਰ ਆਪਣੇ ਤਜ਼ਰਬੇ ਅਧਾਰ ਤੇ ਲਿਖਦੇ ਹਨ –

"ਅਮਰੀਕਾ ਦੇ ਸਿਪਾਹੀ ਦੀ ਖੁਰਾਕ ਪਹਿਲੋਂ ੭੫ ਔਂਸ ਹੁੰਦੀ ਸੀ, ਜਿਸ ਵਿਚ ੨੨ ਔਂਸ ਮਾਸ ਦੀ ਹੁੰਦੀ ਸੀ। ਇਹ ਰਾਸ਼ਨ ੭੫ ਤੋਂ ਘਟਾਕੇ ੫੧ ਔਂਸ ਕੀਤਾ ਗਿਆ, ਤੇ ਮਾਸ ੨੨ ਔਂਸ ਦੀ ਥਾਂ ੧ ਔਂਸ ਹੀ ਕਰ ਦਿੱਤਾ ਗਿਆ। ੯ ਮਹੀਨਿਆਂ ਦੇ ਤਜ਼ਰਬੇ ਤੋਂ ਇਹ ਸਿੱਧ ਹੋਇਆ ਕਿ ਉਹ ਪਹਿਲੋਂ ਨਾਲੋਂ ੫੦ ਫੀਸਦੀ ਵਧੀਕ ਤਗੜੇ ਹੋ ਗਏ ਹਨ, ਫੌਜੀ ਕੰਮ ਵੀ ਪਹਿਲਾਂ ਨਾਲੋਂ ਚੰਗਾ ਕਰਨ ਲਗ ਪਏ ਹਨ, ਸਪਿਰਿਟ ਭੀ ਸ਼ਾਨਦਾਰ ਹੈ। ਉਪਰੰਤ ਉਹਨਾਂ ਨੂੰ ਖੁੱਲ੍ਹ ਦਿੱਤੀ ਗਈ ਕਿ ਜਿਹੜੀ ਖ਼ੁਰਾਕ ਉਹ ਚਾਹਣ ਵਰਤ ਸਕਦੇ ਹਨ। ਨਤੀਜਾ ਇਹ ਹੋਇਆ ਕਿ ਮਾਸ ਵਾਲੀ ਖ਼ੁਰਾਕ ਨੂੰ ਕਿਸੇ ਵੀ ਪ੍ਰਵਾਨ ਨਾ ਕੀਤਾ:।

(੧੦) ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ੧੯੧੮ ਈਸਵੀ ਨੂੰ ਇਕ "ਇੰਟਰ ਅਲਾਈਡ ਕਾਨਫ੍ਰੰਸ"ਇਸ ਗਲ ਤੇ ਵਿਚਾਰ ਕਰਨ ਲਈ ਹੋਈ ਸੀ ਕਿ ਕੌਮਾਂ ਦੀ ਖ਼ੁਰਾਕ ਦਾ ਕੀ ਹਲ ਹੈ। ਇਸ ਵਿਸ਼ੇ ਵਿਚ ਹੇਠ ਲਿਖੇ ਤਜ਼ਰਬਾਕਾਰ ਤੇ ਸੰਸਾਰ ਪ੍ਰਸਿੱਧ ਵਿਦਵਾਨਾਂ ਦਾ ਇਕ ਕੌਮਾਂਤ੍ਰੀ ਮਿਸ਼ਨ ਨੀਯਤ ਕੀਤਾ ਗਿਆ ਸੀ–

(੧) ਪ੍ਰੋਫੈਸਰ ਗਲੇ (ਫਰਾਂਸ) (੨) ਪ੍ਰੋਫੈਸਰ ਲੈਘਲੋਇਕ (ਫਰਾਂਸ)
(੩) ਬਲਾਜ਼ੀ (ਇਟਲੀ) (੪) ਪਗਲਿਆਨੀ (ਇਟਲੀ)
(੫) ਹਿਊਲਟ (ਬੈਲਜੀਅਮ) (੬) ਚਿਟਰਡਨ (ਯੂ. ਐਸ. ਏ)
(੭) ਲਸਕ (ਯੂ.ਐਸ.ਏ) (੮) ਈ.ਐਚ. ਸਟਾਰਲਿੰਗ(ਅਮਰੀਕਾ)
(੯) ਟੀ.ਬੀ ਵੁੱਡ (ਅਮਰੀਕਾ)

ਪੰਜਾਂ ਪ੍ਰਸਿੱਧ ਦੇਸ਼ਾਂ ਦੇ ਪੂਰਵੋਕਤ ੯ ਮਹਾਨ ਵਿਦਵਾਨਾਂ ਨੇ ੨੯ ਅਪ੍ਰੈਲ ੧੯੪੧ ਨੂੰ ਆਪਣੀ ਰੋਮ ਦੀ ਇਕੱਤ੍ਰਤਾ ਵਿਚ ਹੇਠ ਲਿਖਿਆ ਰੈਜ਼ੋਲਯੂਸ਼ਨ ਪਾਸ ਕੀਤਾ–

"ਬੜੀ ਖੋਜ ਤੇ ਵਿਚਾਰ ਤੋਂ ਉਪਰੰਤ ਕਮਿਸ਼ਨ ਇਸ ਨਤੀਜੇ ਤੇ ਪੁੱਜਾ ਹੈ ਕਿ ਸਾਇੰਸ ਦੇ ਦ੍ਰਿਸ਼ਟੀਕੋਣ ਅਨੁਸਾਰ ਮਾਸ ਖਾਣਾ ਮਨੁੱਖ ਵਾਸਤੇ ਕਿਸੇ ਤਰ੍ਹਾਂ ਭੀ ਲਾਭਦਾਇਕ ਨਹੀਂ ਹੈ।"

(ਨੈਚਰਲ ਐਂਡ ਹਯੂਮਨ ਡਾਈਟ ਪੰਨਾ ੯)

(੧੧) ਡਾਕਟਰ ਕਿੰਗਸਫੋਡ (ਵਿਸ਼ਵ ਧਰਮ ਕੋਸ਼ ਦੂਜਾ ਸੰਸਕਰਣ, ਪੰਨਾ ੨੨੩-੨੩੨), ਡੇਵੀ, ਲਾਇੰਸ, ਕਾਬ ਅਤੇ ਸੀ.ਏ. ਓਬਨ ਆਦਿ ਸਾਇੰਸ ਜਾਨਣ ਵਾਲਿਆਂ ਦਾ ਮਤ ਹੈ ਕਿ ਮਨੁੱਖ ਦੀ ਭੀਤਰੀ ਤੇ ਬਾਹਰੀ ਅੰਗ ਇਸ ਗਲ ਦੀ ਅਗਵਾਹੀ ਦਿੰਦੇ ਹਨ ਕਿ ਮਨੁੱਖ ਦਾ ਸੁਭਾਵਿਕ ਅਹਾਰ ਬਨਸਪਤੀ ਹੈ।

(੧੨) ਭਗੰਦਰ ਰੋਗ ਦੇ ਸਪੈਸ਼ਲਿਸਟ ਪ੍ਰਸਿੱਧ ਡਾਕਟਰ ਬੈਲ ਐਮ.ਡੀ.ਐਫ.ਆਰ.ਐਫ.ਪੀ.ਐਸ ਆਦਿ ਨੇ ਆਪਣੀ ਪ੍ਰਸਿੱਧ ਪੁਸਤਕ (The Cancer Scourage and how to destroy it) ਅਰਥਾਤ– 'ਭਗੰਦਰ ਫੋੜਾ ਅਤੇ ਇਸ ਨੂੰ ਕਿਵੇਂ ਫੋੜਿਆ ਜਾਵੇ ? ਵਿਚ ਲਿਖਿਆ ਹੈ ਕਿ :-

"ਇਸ ਸੰਸਾਰ ਦੀ ਅਬਾਦੀ ਵਿਚ ੨ ਕਰੋੜ ੫੦ ਲੱਖ ਅਤੇ ਕੇਵਲ ਇੰਗਲੈਂਡ ਦੇ ਵੇਲਜ਼ ਵਿਚ ੩੦ ਹਜ਼ਾਰ ਮਨੁੱਖ ਹਰ ਸਾਲ ਇਸ ਦੁਸ਼ਟ ਰੋਗ ਨਾਲ ਮੌਤ ਦਾ ਗ੍ਰਾਸ ਹੁੰਦੇ ਹਨ। ਇਸ ਰੋਗ ਦੇ ਹੋਣ ਦਾ ਕਾਰਨ ਮਾਸਾਹਾਰ ਨੂੰ ਦੱਸ ਕੇ ਇਸ ਦੇ ਤਿਆਗਣ ਦੀ ਸਿਫ਼ਾਰਸ਼ ਕੀਤੀ ਹੈ।"

(੧੩) ਡਾਕਟਰ ਬੈਲ ਵਰਤਮਾਨ ਸਮੇਂ ਵਿਚ ਭਗੰਦਰ ਰੋਗ ਦੇ ਬੜੇ ਭਾਰੇ ਚਕਿਤਸਕ ਮੰਨੇ ਗਏ ਹਨ । ਉਨ੍ਹਾਂ ਨੇ ਆਪਣੀ ਉਪ੍ਰੋਕਤ ਵਿਚ ਸਾਗ ਅਹਾਰ ਨਾਲ ਭਗੰਦਰ ਰੋਗ ਤੋਂ ਬਚਾਏ ਅਨੇਕਾਂ ਰੋਗੀਆਂ ਦੇ ਲਹੂ ਦੀਆਂ ਤਸਵੀਰਾਂ ਦੇ ਕੇ ਸਿੱਧ ਕੀਤਾ ਹੈ ਕਿ ਸਾਗ ਅਹਾਰ ਹੀ ਇਸ ਰੋਗ ਦਾ ਮੁਖ ਇਲਾਜ ਹੈ।

(੧੪) ਡਾਕਟਰ ਜੋਸ਼ੀਆ ਓਲਡ ਫ਼ੀਲਡ ਐਮ.ਏ. ਆਪਣੀ ਪੁਸਤਕ- " The Cruelties of the flesh traffic" (ਅਰਥਾਤ ਮਾਸ ਦੇ ਵਪਾਰੀਆਂ ਦੀਆਂ ਬੇਰਹਿਮੀਆਂ) ਦੇ ਪੰਨਾ ੨੮-੨੯ ਤੇ ਇਕ ਦਿਲ ਹਿਲਾ ਦੇਣ ਵਾਲਾ ਲੇਖ ਲਿਖਦੇ ਹਨ।

"ਯਾਦ ਰੱਖੋ ਹਰ ਇਕ ਜਾਨਵਰ ਇਕ ਜਿਊਂਦਾ ਜਾਗਦਾ ਵਜੂਦ ਹੈ, ਜੋ ਜੀਊਂਣ ਦੀਆਂ ਖੁਸ਼ੀਆਂ ਅਤੇ ਮੌਤ ਦੇ ਕਸ਼ਟ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਇਸ ਸਦੀ ਦੇ ਪਹਿਲੇ ਸਾਲ ਵਿੱਚ ਹੀ ਅਨੁਮਾਨ ਲਾਇਆ ਗਿਆ ਹੈ, ਕਿ ਕੇਵਲ ਇੰਗਲੈਂਡ ਵਿਚ ੧੦ ਲੱਖ ਤੋਂ ਵਧੀਕ ਪਸ਼ੂ ਮਾਰੇ ਗਏ। ੭੦ ਲੱਖ ਭੇਡਾਂ ਦੇ ਗਲਾਂ ਤੇ ਛੁਰੀ ਚਲਾਈ ਗਈ। ੨੦ ਲੱਖ ਸੂਰਾਂ ਨੇ ਆਪਣੀਆਂ ਦੁੱਖ ਭਰੀਆਂ ਆਹਾਂ ਆਸਮਾਨ ਵੱਲ ਘੱਲੀਆਂ, ਜਿਸ ਦਾ ਅਰਥ ਇਹ ਹੈ ਕਿ ਕੋਈ ਦਿਨ ਵੀ ਅਜੇਹਾ ਨਹੀਂ ਬੀਤਦਾ ਜਿਸ ਦਿਨ ਸੁਆਦ ਦੀ ਖਾਤਰ ੨੮ ਸੌ ਡੰਗਰ ਤੇ ੨੦ ਹਜ਼ਾਰ ਭੇਡਾਂ ਤੇ ੫ ਹਜ਼ਾਰ ਤੋਂ ਉੱਤੇ ਸੂਰ ਨਹੀਂ ਮਾਰੇ ਜਾਂਦੇ। ਸੂਰ ਦੇ ਬੱਚਿਆਂ ਨੂੰ ਇਕ ਭੌਂਦੇ ਹੋਏ ਪਹੀਏ ਨਾਲ ਇਕ ਜ਼ੰਜ਼ੀਰ ਦੁਆਰਾ ਜਕੜ ਕੇ ਉਬਾਲਦੇ ਹੋਏ ਟੱਬਾਂ ਵਿਚ ਸੁੱਟ ਦਿੱਤਾ ਜਾਂਦਾ ਹੈ। ਉਹ ਵਿਚਾਰੇ ਓਥੇ ਬਹੁਤ ਬੁਰੀ ਤਰ੍ਹਾਂ ਚੀਕਦੇ, ਤੜਫਦੇ ਤੇ ਕੁਰਲਾਂਦੇ ਹਨ ਉਬਲਦੇ ਹੋਏ ਪਾਣੀ ਦੇ ਅਸਹਿ ਦੁੱਖਾਂ ਨੂੰ ਭੁਗਤਦੇ ਹੋਏ ਉਹ ਆਪਣੀਆਂ ਜਾਨਾਂ ਦੇ ਦਿੰਦੇ ਹਨ"।

(੧੫) ਮਿਸਟਰ ਸਿਡਨੀ ਐਚ ਬੈਰਡ ਆਪਣੀ ਕਿਤਾਬ (ਨੈਚਰਲ ਐਂਡ ਹਯੂਮਨ ਡਾਈਟ) ਦੇ ਪੰਨਾ ਦੋ ਤੇ ਲੰਡਨ ਦੀ ਕੇਵਲ ਇਕ ਕੰਪਨੀ ਵਲੋਂ ਪਸ਼ੂਆਂ ਦੇ ਰੋਜ਼ਾਨਾ ਨਾਸ਼ ਦਾ ਵਰਨਣ ਕਰਦੇ ਹੋਏ ਲ਼ਿਖਦੇ ਹਨ:-

"ਖਿਆਲ ਕਰੋ ੧੦ ਹਜ਼ਾਰ ਪਸ਼ੂਆਂ ਦਾ ਵੱਗ ਦੋ ਦੋ ਦੀਆਂ ਕਤਾਰਾਂ ਵਿਚ ੧੫ ਮੀਲ ਲੰਮੀ ਕਤਾਰ ਵਿਚ ਤੁਰਿਆ ਜਾ ਰਿਹਾ ਹੈ। ਉਸ ਤੋਂ ਪਿੱਛੋਂ ੨੦ ਹਜ਼ਾਰ ਭੇਡਾਂ ਮੇਂ ਮੇਂ ਕਰਦੀਆਂ ਹੋਈਆਂ ੧੨ ਮੀਲ ਲੰਮੀ ਸੜਕ ਨੂੰ ਰੋਕੀ ਜਾ ਰਹੀਆਂ ਹਨ। ਓਦੂੰ ਪਿੱਛੋਂ ੨੭ ਹਜ਼ਾਰ ਬਲਵਾਨ ਸੂਰਾਂ ਨੇ ੧੬ ਮੀਲ ਤੱਕ ਸ਼ੜਕ ਰੋਕੀ ਹੋਈ ਸੀ। ਸਭ ਤੋਂ ਪਿੱਛੋਂ ੩੦ ਹਜ਼ਾਰ ਕੁੱਕੜਾਂ ਨੇ ੬ ਮੀਲ ਲੰਮੀ ਸ਼ੜਕ ਮੱਲੀ ਹੋਈ ਹੈ।ਏਸ ਸਾਰੇ ਮਾਲ ਨੂੰ ਜੋ ੫੦ ਮੀਲ ਤੱਕ ਫੈਲਿਆ ਹੋਇਆ ਹੈ ਆਪਣੇ ਟਿਕਾਣੇ ਤੇ ਪੁੱਜਣ ਵਿਚ ਘੱਟ ਤੋਂ ਘੱਟ ਦੋ ਘੰਟੇ ਲੱਗਣਗੇ। ਇਹ ੮੭ ਹਜ਼ਾਰ ਪਸ਼ੂ ਲੰਡਨ ਦੇ ਇੱਕ ਬੁਚੜਖਾਨੇ ਦੇ (ਸਵਿਫ਼ਟ ਐਂਡ ਕੌ) ਅੰਦਰ ਇੱਕ ਦਿਨ ਵਿੱਚ ਹੀ ਮਾਰੇ ਜਾਂਦੇ ਹਨ।

ਏਥੇ ਹੀ ਬਸ ਨਹੀਂ, ਆਰਮਰ, ਲਿਪਟਨ ਅਤੇ ਹੋਰ ਬੁੱਚੜਖਾਨਿਆਂ ਵਿਚ ਹਰ ਰੋਜ਼ ਅਣਗਣਿਤ ਜਾਨਵਰ ਮਾਰੇ ਜਾਂਦੇ ਹਨ। ਉਸ ਧਰਤੀ ਵਿਚ ਜਿਸਨੂੰ "ਕ੍ਰਿਸਚੀਅਨ ਲੈਂਡ" ਅਰਥਾਤ ਈਸਾਈਆਂ ਦੀ ਧਰਤੀ ਕਿਹਾ ਜਾਂਦਾ ਹੈ। ਕੇਵਲ ਲੰਡਨ ਵਿਚ ਚਾਰ ਸੌ ਅਤੇ ਬਲਿਸਟਲ ਵਰਗੇ ਸ਼ਹਿਰਾਂ ਵਿਚ ਇੱਕ ਸੌ ਵੀਹ ਬੁੱਚੜਖਾਨੇ ਹਨ। ਬੁੱਚੜਖਾਨਿਆਂ ਦਾ ਇਹ ਬੇਲੋੜਾ ਸਿਸਟਮ ਕਿੰਨਾ ਬੁਰਾ ਹੈ, ਜਿਸ ਨਾਲ ਘੱਟ ਤੋਂ ਘੱਟ ਤਿੰਨ ਸੌ ਕਰੋੜ (੩ ਅਰਬ) ਪਸ਼ੂ ਹਰ ਸਾਲ ਬੜੀ ਬੇ-ਰਹਿਮੀ ਨਾਲ ਮਾਰੇ ਜਾਂਦੇ ਹਨ। ਛੋਟੇ ਛੋਟੇ ਜਾਨਵਰ ਅਤੇ ਪੰਛੀ ਏਨ੍ਹਾ ਤੋਂ ਵੱਖਰੇ ਹਨ। ਈਸਾਈਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਪੈਗੰਬਰ(Christ) ਯਿਸੂ ਮਸੀਹ ਦਾ ਕਥਨ ਹੈ- "ਆਈ ਡਿਜ਼ਾਇਰ ਮਰਸੀ ਨੋਟ ਸੈਕ੍ਰੀਫਾਈਸ" (I desire mercy not- sacrifice) ਮੈਂ ਕੁਰਬਾਨੀ ਨਹੀਂ ਚਾਹੁੰਦਾ, ਮੈਂ ਰਹਿਮ ਚਾਹੁੰਦਾ ਹਾਂ।

(੧੬) ਇਹੀ ਮਿਸਟਰ ਸਿਡਨੀ ਐਚ ਬੋਰਡ ਆਪਣੀ ਕਿਤਾਬ "ਇਜ਼ ਫਲੈਸ਼ ਈਟਿੰਗ ਮੌਰੈਲੀ ਡੀਫੈਨਸਿਬਲ ?" ਦੇ ਪੰਨਾ ੧੬-੧੭ ਤੇ ਉਨ੍ਹਾਂ ਤਕਲੀਫਾਂ ਤੇ ਦੁੱਖਾਂ ਦਾ ਵਰਨਣ ਕਰਦੇ ਹਨ ਜੋ ਪਸ਼ੂਆਂ ਨੂੰ ਕਤਲ ਕਰਨ ਤੋਂ ਪਹਿਲਾਂ ਇਕ ਥਾਂ ਤੋਂ ਦੂਜੇ ਥਾਂ ਵਿਚ ਪੁਚਾਣ ਵਿੱਚ ਦਿੱਤੇ ਜਾਂਦੇ ਹਨ -"ਰੇਲ ਯਾ ਸੜਕ ਦੁਆਰਾ ਪਸ਼ੂਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਪੁਚਾਣ ਨਮਿਤ ਇਹ ਕਸ਼ਟ ਸਹਾਰਨੇ ਪੈਂਦੇ

ਹਨ"- ਭੁੱਖ,ਪਿਆਸ, ਥੋੜ੍ਹੇ ਥਾਂ ਵਿੱਚ ਬਹੁਤੇ ਪਸ਼ੂਆਂ ਨੂੰ ਤੁੰਨ ਦੇਣਾ, ਗਰਮੀ ਤੇ ਸਰਦੀ ਦੇ ਕਸ਼ਟ, ਸੱਟਾਂ, ਕਈਆਂ ਅੰਗਾਂ ਦਾ ਟੁੱਟ ਜਾਣਾ, ਡਰ, ਥਕੇਵਾਂ, ਅਤੇ ਉਨ੍ਹਾਂ ਦੇ ਲੈ ਜਾਣ ਵਾਲਿਆ ਦਾ ਵਹਿਸ਼ਆਨਾ ਸਲੂਕ। ਅਮਰੀਕਾ ਦੀਆਂ ਰੇਲਵੇ ਕੰਪਨੀਆਂ ਦੇ ਆਂਕੜੇ ਦੱਸਦੇ ਹਨ, ਕਿ ਹਜ਼ਾਰਾਂ ਜਾਨਵਰ ਰੇਲ ਵਿਚ ਮਰ ਜਾਂਦੇ ਹਨ। ਅਰ ਲੱਖਾਂ ਹੀ ਲੰਙੇ, ਲੂਲ੍ਹੇ ਤੇ ਫੱਟੜ ਹੋ ਜਾਂਦੇ ਹਨ। ਜਿਨ੍ਹਾਂ ਸੂਰਾਂ ਦੀਆਂ ਪਿੱਠਾਂ ਤੇ ਅੰਗ ਟੁੱਟ ਜਾਂਦੇ ਹਨ ਉਨ੍ਹਾਂ ਨੂੰ ਧੂਹ ਕੇ ਬੁੱਚੜਖਾਨੇ ਵਿਚ ਲਿਜਾਇਆ ਜਾਂਦਾ ਹੈ।ਗਰਮੀ ਦੇ ਮੌਸਮ ਵਿਚ ਮਾਰੇ ਜਾਣ ਵਾਲੇ ਜਾਨਵਰਾਂ ਨੂੰ ਤਿੰਨ ਤਿੰਨ ਦਿਨ ਤੇ ਰਾਤਾਂ ਤੱਕ ਭੁੱਖਿਆਂ ਤੇ ਧਿਆਇਆ ਰੱਖਿਆ ਜਾਂਦਾ ਹੈ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਹਰ ਸਾਲ ੩੩ ਲੱਖ ਜੀਉਂਦੇ ਜਾਨਵਰਾਂ ਨੂੰ ਏਸ ਤਰ੍ਹਾਂ ਦੇ ਕਸ਼ਟ ਦਿੱਤੇ ਜਾਂਦੇ ਹਨ। ਕੇਵਲ ਇਕ ਹੀ ਈਸਾਈ ਦੇਸ਼ ਇੰਗਲੈਂਡ ਦੇ ਮਾਸਾਹਾਰੀਆਂ ਦੀਆਂ ਲੋੜਾਂ ਪੂਰੀਆ ਕਰਨ ਲਈ ਹਰ ਰੋਜ਼ ੧੦ ਹਜ਼ਾਰ ਜਾਨਵਰ ਉਸ ਦੀਆਂ ਬੰਦਰਗਾਹਾਂ ਉੱਤੇ ਜਹਾਜ ਰਾਹੀ ਪੁਚਾਏ ਜਾਂਦੇ ਹਨ।

ਅੰਗ੍ਰੇਜ਼ੀ ਨਸਲ ਦੇ ਰਹਿਮ ਦਿਲ ਫਿਲਾਸਫਰ ਅਤੇ ਸਾਇੰਸਦਾਨ ਇਨਸਾਨਾਂ ਦੀਆਂ ਇਨ੍ਹਾਂ ਲਿਖਤਾਂ ਤੋਂ ਪ੍ਰਗਟ ਹੁੰਦਾ ਹੈ ਕਿ ਜੀਹਬਾ ਦੇ ਸੁਆਦ ਬਦਲੇ ਜਾਨਵਰਾਂ ਨੂੰ ਮਾਰਨ ਦੇ ਬਦਲੇ ਹੀ ਉਨ੍ਹਾਂ ਤੇ ਜ਼ੁਲਮ ਨਹੀਂ ਕੀਤਾ ਜਾਂਦਾ ਸਗੋਂ ਉਸ ਤੋਂ ਪਹਿਲੋਂ ਵੀ ਉਨ੍ਹਾਂ ਨਾਲ ਸਖ਼ਤ ਬੇ-ਰਹਿਮੀ ਦਾ ਸਲੂਕ ਕੀਤਾ ਜਾਂਦਾ ਹੈ। ਜੇ ਮਾਸਾਹਾਰੀ ਮਨੁੱਖ ਇਨ੍ਹਾ ਬੇਸ਼ੁਮਾਰ ਜਾਨਵਰਾਂ ਦੇ ਅਨੰਤ ਪ੍ਰਕਾਰ ਦੇ ਦੁੱਖਾਂ ਤੇ ਕਸ਼ਟਾਂ ਉੱਤੇ ਦ੍ਰਿਸ਼ਟੀਪਾਤ ਕਰਦੇ ਹੋਏ ਇਹ ਸੋਚਣ ਕਿ ਉਨ੍ਹਾਂ ਨੂੰ ਕੇਵਲ ਉਨ੍ਹਾਂ ਦੇ ਜੁਬਾਨ ਦੇ ਚਸਕੇ ਦਾ ਸਿਕਾਰ ਹੋਣਾ ਪੈਂਦਾ ਹੈ ਤਾਂ ਉਹ ਕਦੇ ਵੀ ਮਾਸ ਖਾਣ ਦਾ ਨਾਮ ਨਾ ਲੈਣ, ਕੇਵਲ ਅਹਿਸਾਸ ਦੀ ਹੀ ਲੋੜ ਹੈ।

## ਆਂਡਿਆ ਦਾ ਸਵਾਲ

ਇਕ ਵਾਰ ਇਕ ਲੇਖਕ ਕੋਲ ਇਕ ਵਿਆਕਤੀ ਨੇ ਪ੍ਰਸ਼ਨ ਕੀਤਾ ਸੀ ਕਿ, ਕੀ ਆਂਡੇ ਸ਼ਬਜੀ ਵਿਚ ਨਹੀਂ ਗਿਣੇ ਜਾ ਸਕਦੇ? ਉੱਤਰ ਦਿੱਤਾ ਕਿ ਅਜਿਹਾ ਸਮਝਣਾਂ ਕੇਵਲ ਕਮ ਫ਼ਹਿਮੀ ਦਾ ਸਬੂਤ ਹੈ, ਕਿਉਂਕਿ ਆਂਡਾ ਇਕ ਜਾਨਵਰ ਦਾ ਗਰਭ ਹੈ ਜਿਸ ਵਿਚ ਨਰ ਤੇ ਮਾਦਾ ਦੇ ਜੋੜੇ ਦੇ ਮੇਲ ਨਾਲ ਉਤਪੰਨ ਹੋਣ ਵਾਲੇ ਸਜੀਵ ਪ੍ਰਮਾਣੂੰ ਮੌਜੂਦ ਹਨ। ਇਸ ਲਈ ਆਂਡੇ ਨੂੰ ਨਸ਼ਟ ਕਰਨਾ ਅਜਿਹਾ ਹੀ ਦੋਸ਼ ਹੈ ਜੇਹਾ ਕਿ ਮਨੁੱਖ ਨਸਲ ਵਿਖੇ ਕਿਸੇ ਇਸਤਰੀ ਦਾ ਗਰਭ ਨਸ਼ਟ ਕਰਨ ਦਾ ਹੈ। ਗਰਭਪਾਤ (ਇਸਕਾਤਿ ਹਮਲ) ਨਿਰਾ ਇਖਲਾਕੀ ਨਹੀਂ ਕਾਨੂੰਨੀ ਜੁਰਮ ਵੀ ਹੈ।ਆਂਡੇ ਨੂੰ ਭੁੰਨ ਕੇ ਯਾ ਪੂੜੇ ਤਲਕੇ ਯਾ ਉਬਾਲਕੇ ਖਾਣਾ ਇਕ ਬਹੁਤ ਭਾਰਾ ਗ਼ੈਰ ਇਖ਼ਲਾਕੀ ਅਤੇ ਸ਼ਰਮਨਾਕ ਫੇਅਰ ਹੈ।

## (੪) ਸੂਤਰ ਯਾ ਮਸਤੀ

ਨਾਮਧਾਰੀ ਦੀਵਾਨਾਂ ਵਿਚ ਮਸਤਾਨੇ ਸਿੱਖਾਂ ਦੇ ਮਸਤ ਹੋ ਜਾਣ ਨੂੰ ਨਾਮਧਾਰੀ ਸੰਕੇਤ ਅਨੁਸਾਰ ਸੂਤਰ ਆਖਦੇ ਹਨ। ਅਸਲ ਵਿੱਚ ਨਾਮਧਾਰੀਆਂ ਦਾ ਸੂਤਰ ਤੇ ਸੂਫ਼ੀਆਂ ਦਾ ਵਜਦ ਇੱਕੋ ਹੀ ਚੀਜ਼ ਹਨ। ਆਮ ਬੋਲ ਚਾਲ ਵਿੱਚ ਇਸ ਨੂੰ ਮਸਤੀ ਆਖਦੇ ਹਨ। ਮਸਤ ਆਦਮੀ ਵਲ-ਛਲ, ਕਪਟ ਅਤੇ ਫਰੇਬ ਤੋਂ ਖ਼ਾਲੀ ਹੋਣ ਦੇ ਕਾਰਨ ਸਿੱਧਾ ਤੁੱਕ ਰਹਿੰਦਾ ਹੈ ਅਤੇ ਸਿਧਾਈ ਵਾਸਤੇ "ਸੂਤਰ" ਸਬਦ ਦੀ ਵਰਤੋਂ ਡਾਢੀ ਹੀ ਸਾਰਥਕ ਕਹੀ ਜਾ ਸਕਦੀ ਹੈ। "ਸੂਤਰ" ਪਦ ਪੰਜਾਬੀ ਵਿਚ ਧਾਗੇ ਦਾ ਵਾਚਕ ਭੀ ਹੈ । ਮਿਸਤ੍ਰੀ ਲੋਕ ਜਿਸ ਲੱਕੜ ਨੂੰ ਸਿੱਧੀ ਕਰਕੇ ਕਾਰ ਆਮਦ ਕਰਨਾ ਚਾਹੁਣ ਉਸ ਤੇ ਜਿਸ ਧਾਗੇ ਨਾਲ ਨਿਸ਼ਾਨ ਲਗਾਇਆ ਜਾਂਦਾ ਹੈ ਉਸ ਦਾ ਨਉਂ ਭੀ ਸੂਤਰ ਹੈ ਜਿਵੇਂ ਸੂਤਰ ਵਿੰਗ ਕੱਢਕੇ ਲੱਕੜੀ ਨੂੰ ਸਿੱਧਾ ਕਰ ਦਿੰਦੀ ਹੈ, ਤਿਵੇਂ ਹੀ ਸੂਤਰੀ ਸਿੱਖ ਵਲ ਛੱਲ ਅਤੇ ਕਪਟ ਦੇ ਵਿੰਗਾਂ ਤੋਂ ਰਹਿਤ ਹੋ ਕੇ ਆਤਮਕ ਪਦ ਨੂੰ ਪ੍ਰਾਪਤ ਕਰਨ ਦਾ ਅਧਿਕਾਰੀ ਹੋ ਜਾਂਦਾ ਹੈ। ਜਿਸ ਤਰ੍ਹਾਂ ਸੂਤਰ ਦੀ ਤਾਰ ਪਾਟਿਆਂ ਨੂੰ ਸੀਉਂਦੀ ਹੈ ਤੇ ਟੁੱਟਿਆਂ ਨੂੰ ਗੰਡਦੀ ਹੈ, ਏਸੇ ਤਰ੍ਹਾਂ ਪਰਮਾਰਥ ਵਿਚ "ਸੂਤਰ" ਵੀ ਰੱਬ ਨਾਲੋਂ

ਟੁੱਟਿਆਂ ਨੂੰ ਉਸ ਨਾਲ ਗੰਢਣ ਅਤੇ ਜਗਿਆਂਸੂਆਂ ਨੂੰ ਪਰਮੇਸ਼ਰ ਦੇ ਚਰਨਾਂ ਨਾਲ ਜੋੜਨ ਵਾਸਤੇ ਉਪਯੋਗੀ ਸਮਝਣਾ ਚਾਹੀਦਾ ਹੈ।

"ਸੂਤਰ" ਪ੍ਰੇਮ ਦਾ ਵਿਕਾਸ ਹੈ। "ਪ੍ਰੇਮ" ਨੂੰ ਨਾਰਦ ਜੈਸੇ ਮੁਨੀਆਂ ਨੇ 'ਅਨਰ ਵਚਨੀਯ' ਯਾ ਵਰਨਣ ਕਰਨ ਦੇ ਅਯੋਗ ਕਿਹਾ ਹੈ। ਆਪ ਨੇ ਆਪਣੇ ਭਗਤੀ ਸੀਤਰਾਂ ਦੇ ਇਕਵੰਜਵੇਂ ਸੂਤਰ ਵਿਚ ਲਿਖਿਆ ਹੈ -"ਅਨਿਰ ਵਚਨੀਯੰ ਪ੍ਰੇਮ ਸੁੰਰੂਪੰ।" ਅਰਥਾਤ ਦਾ ਪ੍ਰੇਮ ਦਾ ਸਰੂਪ ਵਰਨਣ ਨਹੀਂ ਕੀਤਾ ਜਾ ਸਕਦਾ। ਪ੍ਰੇਮ ਅਤੇ ਪਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ ਜਿਸ ਤਰ੍ਹਾਂ ਬਾਣੀ ਦੁਅਰਾ ਬ੍ਰਹਮ ਦਾ ਵਰਨਣ ਅਸੰਭਵ ਹੈ ਅਤੇ ਉਸ ਬਾਬਤ ਵੇਦ ਨੇਤਿ ਨੇਤਿ ਕਹਿ ਕੇ ਚੁਪ ਹੋ ਜਾਂਦੇ ਹਨ, ਏਸੇ ਤਰ੍ਹਾਂ ਪ੍ਰੇਮ ਦਾ ਵਰਨਣ ਭੀ ਬਾਣੀ ਦੁਆਰਾ ਅਸੰਭਵ ਜੇਹਾਂ ਹੀ ਜਾਪਦਾ ਹੈ। ਸੰਸਾਰ ਵਿਚ ਇਹ ਗਲ ਆਮ ਤੌਰ ਤੇ ਵੇਖੀ ਜਾਂਦੀ ਹੈ ਕਿ ਕਿਸੇ ਮਨ ਭਾਉਂਦੀ ਗਲ ਸੁਨਣ ਨਾਲ, ਕਿਸੇ ਸਨੇਹੀ ਦਾ ਮਿਲਾਪ ਹੋਣ ਨਾਲ, ਬਚਨ ਬਿਲਾਸ ਅਤੇ ਸਪਰਸ਼ ਕਰਨ ਨਾਲ ਹਿਰਦੇ ਵਿਚ ਜਿਸ ਦਾ ਅਨੁਭਵ ਹੁੰਦਾ ਹੈ, ਓਸ ਦਾ ਵਰਨਣ ਜ਼ੁਬਾਨ ਨਾਲ ਨਹੀਂ ਕੀਤਾ ਹੋ ਸਕਦਾ, ਉਹ ਤਾਂ ਗੂੰਗੇ ਦਾ ਗੁੜ੍ਹ ਹੈ - **"ਕਹਿ ਕਬੀਰ ਗੂੰਗੇ ਗੁੜ੍ਹ ਖਾਇਆ ਪੂਛੇ ਤੇ ਕਿਆ ਕਹੀਐ।"**

ਮੌਲਾਨਾ ਰੂਮ ਆਪਣੀ ਮਨਸਵੀ ਵਿਚ ਲਿਖਦੇ ਹਨ, ਮੈਂ ਜੋ ਪ੍ਰੇਮ ਯਾ ਇਸ਼ਕ ਦਾ ਹਾਲ ਤੇ ਵਿਆਖਿਆ ਤੇ ਵਰਨਣ ਕਰਦਾ ਹਾਂ ਮੈਨੂੰ ਉਸ ਵਿਚ ਸ਼ਰਮ ਔਂਦੀ ਹੈ - ਭਾਵ ॥੧॥ ਭਾਵੇਂ ਦਿਲ ਦੇ ਭੇਤਾਂ ਨੂੰ ਜ਼ੁਬਾਨ ਨਾਲ ਖੋਹਲ ਸਕੀਦਾ ਹੈ ਪਰ ਇਸ਼ਕ ਦੇ ਰਾਜ ਜ਼ੁਬਾਨ ਨਾਲ ਬਿਆਨ ਨਹੀਂ ਕੀਤੇ ਜਾ ਸਕਦੇ ॥੨॥ ਕਲਮ ਭਾਵੇਂ ਲਿਖਣ ਵਿਚ ਕਾਹਲ ਕਰਦੀ ਹੈ, ਪਰ ਇਸ਼ਕ ਦਾ ਬਿਆਨ ਕਰਨ ਲੱਗੀ ਆਪਣੇ ਆਪ ਫੱਟ ਜਾਂਦੀ ਹੈ॥੩॥

(੧) **ਹਰ ਕਿ ਗੋਯਮ ਇਸ਼ਕ ਰਾ ਸ਼ਰਹੋ ਬਯਾਂ।**
**ਚੂੰ ਬਇਸ਼ਕ ਆਯਮ ਖ਼ਿਜਲ ਬਾਸ਼ਮ ਅਜ਼ਾਂ।**

(੨) **ਗਰਚਿ ਤਫ਼ਸੀਰੇ ਜ਼ਬਾਂ ਰੋਸ਼ਨ ਗਰ ਅਸਤ॥**
**ਲੇਕ ਇਸ਼ਕ ਕੇ ਬੇ ਜ਼ਬਾਂ ਰੋਸ਼ਨ ਤਰ ਅਸਤ॥**

(੩) **ਚੂੰ ਕਲਮ ਅੰਦਰ ਨਵਿਸ਼ਤਮ ਮੇ ਸ਼ਿਤਾਫ਼ਤ॥**
**ਚੂੰ ਬ ਇਸ਼ਕ ਆਮਦ ਦਲਮ ਬਰ ਖ਼ੁਦਸ਼ਿਗਾਖ਼ਤ॥**

ਜਦ ਮੌਲਾਨਾ ਸਾਹਿਬ ਦਾ ਸੁਖ਼ਨ ਪ੍ਰੇਮ ਦੇ ਵਰਨਣ ਵਿੱਚ ਇਥੋਂ ਤਕ ਪਹੁੰਚਾ ਤਾਂ ਆਪ ਨੂੰ ਵਜਦ ਯਾ ਸੂਤਰ ਹੋ ਗਿਆ। ਤਨ ਦੀ ਹੋਸ਼ ਨ ਰਹਿ ਗਈ ਕਲਮ ਤੋੜ ਦਿੱਤੀ ਤੇ ਕਾਗਜ ਪਾੜ ਦਿੱਤਾ।

(੪) **ਚੂੰ ਸਖ਼ਨ ਦਰ ਵਸਫ਼ ਈਂ ਹਾਲਤ ਰਸੀਦ।**
**ਹਮ ਕਲਮ ਬਿਸ਼ਕਸਤੋਂ ਹਮ ਕਾਗਜ਼ ਦਰੀਦ।॥**

ਜਦ ਹੋਛ ਵਿਚ ਆਏ ਤਾਂ ਕਹਿਣ ਲਗੇ :-

(੫) **ਅਕਲ ਦਰ ਸ਼ਰਹਸ਼ ਚੁ ਖ਼ੁਰ ਦਰ ਗਿਲ ਬਖ਼ੁਫਤ।**
**ਸ਼ਰਹੇ ਇਸ਼ਕੋ ਆਸ਼ਕੀ ਹਮ ਇਸ਼ਕ ਗੁਫ਼ਤ।**

ਅਰਥਾਤ ਪ੍ਰੇਮ ਦੀ ਵਿਆਖਿਆ ਕਰਨ ਵਿਚ ਅਕਲ ਏਨੀ ਆਜਜ਼ ਹੈ ਜਿਸ ਤਰ੍ਹਾਂ ਚਿੱਕੜ ਵਿਚ ਫਸਿਆ ਹੋਇਆ ਖੋਤਾ ਹੱਥ ਪੈਰ ਤਾਂ ਨਿਕਲਨ ਵਾਸਤੇ ਬਥੇਰੇ ਮਾਰਦਾ ਹੈ, ਪਰ ਚਿੱਕੜ ਉਸ ਨੂੰ ਛੱਡਦਾ ਨਹੀਂ। ਸੋ ਅਕਲ ਵਿਚਾਰੀ ਪ੍ਰੇਮ ਦੀ ਵਿਆਖਿਆ ਕੀ ਕਰ ਸਕਦੀ ਹੈ? ਜਦ ਕਿ ਉਹ ਚਿੱਕੜ ਵਿਚ ਫੱਸੇ ਉਸ ਖੋਤੇ ਦੇ ਸਮਾਨ ਹੈ। ਤਾਂ ਤੇ ਮੌਲਾਨਾ ਰੂਮ ਦੇ ਕਹਿਣ ਦੇ ਅਨੁਸਾਰ ਪ੍ਰੇਮ ਦੇ ਮਾਮਲੇ

ਵਿਚ ਬੁੱਧੀ ਦੀ ਪਹੁੰਚ ਨਹੀਂ ਹੋ ਸਕਦੀ। ਇਸ ਕਰਕੇ ਉਹ ਪ੍ਰੇਮ ਦੇ ਵਿਕਾਸ ਰੂਪ "ਸੂਤਰ" ਯਾ ਮਸਤੀ ਦਾ ਅਨੁਭਵ ਕਰਨ ਤੋਂ ਅਸ਼ਕਤ ਹੈ। ਇਸ ਦੇ ਅਸਲ ਰਸ ਨੂੰ ਤਾਂ ਓਹੀ ਅਨੁਭਵ ਕਰ ਸਕਦਾ ਹੈ, ਜਿਨ ਚੱਖਿਆ ਹੈ-**"ਸੋ ਜਾਣੈ ਜਿਨਿ ਚਾਖਿਆ।"** ਪਰ ਮਹਾਂਪੁਰਸ਼ਾਂ ਨੇ ਇਸ ਦੀਆਂ ਪ੍ਰਤੱਖ ਹਾਲਤਾਂ ਦੀ ਬਾਬਤ ਕੁਝ ਨਾ ਕੁਝ ਕਿਹਾ ਅਵੱਸ਼ ਹੈ। -ਕੁਛ ਨਹੀਂ ਕਿਹਾ ਜਾ ਸਕਦਾ- ਕੁਛ ਨਹੀਂ ਲਿਖਿਆਂ ਜਾ ਸਕਦਾ' ਕਹਿ ਕੇ ਵੀ ਉਨ੍ਹਾਂ ਨੇ ਏਨਾਂ ਕੁਛ ਕਹਿ ਦਿੱਤਾ ਕਿ ਉਸ ਦੇ ਸੰਗ੍ਰਹਿ ਨਾਲ ਇਸ ਦੇ ਕਈ ਗ੍ਰੰਥ ਲਿਖੇ ਜਾ ਸਕਦੇ ਹਨ।

ਪੁਸਤਕਾਂ ਨੂੰ ਵਾਚਣ ਤੋਂ ਤੇ ਪ੍ਰਤੱਖ ਵੇਖਣ ਤੋਂ ਵੀ ਇਸ ਗਲ ਦਾ ਪਤਾ ਲਗਦਾ ਹੈ, ਕਿ - "ਸੂਤਰ" ਕੇਵਲ ਨਾਮਧਾਰੀਆਂ ਨੂੰ ਹੀ ਨਹੀਂ, ਬਲਕੇ ਇਸ ਦਾ ਘੱਟ ਯਾ ਵੱਧ ਅਸਰ ਹਰ ਸੰਪ੍ਰਦਾਇ ਵਿਚ ਮੌਜੂਦ ਹੈ, ਜੋ ਭਗਤੀ ਪ੍ਰਧਾਨ ਅਤੇ ਪ੍ਰੇਮ ਸਤਾ ਦੀ ਕਾਇਲ ਹੈ। ਪ੍ਰੇਮ ਰਸ ਤਾਂ ਅਲੌਕਿਕ ਹੈ ਅਸੀਂ ਦੇਖਦੇ ਹਾਂ ਕਿ ਜੇਹੜੇ ਲੋਕ ਝੂਠੇ ਵਿਸ਼ਿਆਂ ਦੇ ਰਸਾਂ ਵਿਚ ਲਿਪਤ ਹਨ, ਉਨ੍ਹਾਂ ਨੂੰ ਵੀ ਸੂਤਰ ਹੁੰਦਾ ਹੈ ਅਤੇ ਉਹ ਵੀ ਇਹਨਾਂ ਵਿਸ਼ਿਆਂ ਦੇ ਅਸਰ ਹੇਠ ਆ ਕੇ ਹੱਸਣ, ਖੇਡਣ, ਨੱਚਣ, ਕੁੱਦਨ, ਰੋਣ, ਪਿੱਟਣ ਆਦਿ ਚੇਸ਼ਟਾਵਾਂ ਕਰਿਆ ਕਰਦੇ ਹਨ। ਇਸ ਲਈ ਜਦ ਹੋਸ਼ੇ ਅਤੇ ਫੋਕੇ ਰਸਾਂ ਦਾ ਅਸਰ ਮਨੁੱਖਾਂ ਅਤੇ ਪਸ਼ੂ ਪੰਛੀਆਂ ਤੱਕ ਨੂੰ ਮਸਤਾਨਿਆਂ ਕਰ ਦਿੰਦਾ ਹੈ ਤਾਂ ਸੱਚੇ ਅਤੇ ਕਲਿਆਣਕਾਰੀ ਰਸ ਦੇ ਪ੍ਰਭਾਵ ਤੋਂ ਜਗਿਆਸੂ ਕਿਵੇਂ ਬਚ ਸਕਦੇ ਹਨ ? ਜਿਨ੍ਹਾਂ ਮਹਾਤਮਾ ਨੂੰ ਇਹ ਸਾਰ ਰਸ ਪ੍ਰਾਪਤ ਹੋਵੇ ਉਹ ਕਿਸ ਤਰ੍ਹਾਂ ਖੀਵੇ ਨਾ ਹੋਣ ?

ਨਾਮਧਾਰੀ ਸਿੱਖਾਂ ਬਾਬਤ ਕਈ ਵਾਰੀ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਗਿਆ ਹੈ ਕਿ ਨਾਮਧਾਰੀ ਸਿੱਖਾਂ ਦੀਆਂ ਹੋਰ ਖ਼ਸਲਤਾਂ ਤਾਂ ਸਭ ਨੂੰ ਚੰਗੀਆਂ ਹਨ, ਪਰ ਦੀਵਾਨਾ ਵਿਚ ਇਹਨਾਂ ਦਾ ਨੱਚਣਾ ਭੁੜਕਣਾ ਅਤੇ ਸਿਰ ਮਾਰਨਾ, ਇਨ੍ਹਾਂ ਦੇ ਇਹ ਪਾਗਲਪਨ ਦੀ ਹੀ ਨੁਮਾਇਸ਼ ਹੈ ਪਰ ਉਹ ਇਹ ਨਹੀਂ ਸੋਚਦੇ ਕਿ ਸੰਸਾਰੀ ਲੋਕ ਕਾਮ ਚੇਸ਼ਟਾ ਵਿਚ ਸ਼ਰਮ ਨਹੀਂ ਮਸੂਸਦੇ, ਕਰੋਧ ਦੇ ਅਸਰ ਹੇਠ ਬਾਂਦਰ ਵਾਂਗ ਨੱਚਦਿਆਂ ਉਨ੍ਹਾਂ ਨੂੰ ਲੱਜਾ ਨਹੀਂ ਔਂਦੀ, ਲੋਭ ਵੱਸ ਹੋ ਕੇ "ਨਾਚਿਓ ਘਰ ਘਰ ਬਾਰ" ਅਨੁਸਾਰ ਚੇਸ਼ਟਾ ਕਰਨ ਨੂੰ ਉਹ ਬੁਰਾ ਨਹੀਂ ਸਮਝਦੇ ਪਰ ਰੱਬੀ ਰੰਗ ਵਿਚ ਰੰਗੇ ਹੋਏ ਬਗਤਾਂ ਦੀਆਂ ਵਜਦਾਨੀ ਹਾਲਤਾਂ ਨੂੰ ਦੇਖ ਦੇਖ ਟਿਚਕਰਾਂ ਅਤ ਨਫ਼ਰਤ ਕਰਨ ਤੋਂ ਸੰਕੋਚ ਨਹੀਂ ਕਰਦੇ।

ਮਸਨਵੀ ਮੌਲਾਨਾ ਰੂਮ ਦੀ ਇਕ ਤਫ਼ਸੀਰ ਅੰਦਰ ਇਸ ਵਿਸ਼ਿਆ ਸਬੰਧੀ ਲਿਖਿਆ ਹੈ ਕਿ:-

ਜਿਹੜਾ ਪੁਰਸ਼ ਸੂਫ਼ੀਆਂ ਦੇ ਕੀਰਤਨ ਵਜਦ ਯਾ ਹਾਲ ਤੋਂ ਇਨਕਾਰ ਕਰਦਾ ਹੈ, ਉਹ ਮਜਬੂਰ ਹੈ, ਕਿਉਂਕਿ ਜੇਹੜੀ ਸ਼ੈ ਉਸ ਨੂੰ ਆਪਨੂੰ ਪ੍ਰਾਪਤ ਨਹੀ, ਉਸ ਤੇ ਈਮਾਨ ਲਿਔਣਾਂ ਸ਼ਖ਼ਤ ਮੁਸ਼ਕਲ ਹੈ। ਜਿਸ ਤਰ੍ਹਾਂ ਹਰਿਆਵਲ ਅਤੇ ਵੱਗਦਾ ਹੋਇਆ ਪਾਣੀ ਅੱਖਾਂ ਵਾਲਿਆਂ ਦੀ ਰੂਹ ਨੂੰ ਸਰੂਰ ਤੇ ਤਾਜ਼ਗੀ ਬਖ਼ਸ਼ਦਾ ਹੈ, ਪਰ ਨੇਤ੍ਰਹੀਨ ਪੁਰਸ਼ ਅਜੇਹੇ ਦ੍ਰਿਸ਼ ਦੇਖਣ ਦੀ ਬਖਸ਼ਿਸ਼ ਤੋਂ ਵਾਂਝਿਆਂ ਹੋਇਆ ਹੈ, ਏਸੇ ਤਰ੍ਹਾਂ ਗੁਪਤ ਖੇਡਾਂ ਤੇ ਉਨ੍ਹਾਂ ਦੀ ਮੌਜ ਨੂੰ ਜੇ ਅਨਜਾਣ ਆਦਮੀ ਨਾ ਸਮਝ ਸਕਣ ਤਾਂ ਕੋਈ ਅਸਚਰਜ ਨਹੀਂ। ਮਨੁੱਖ ਸਿਆਣਾ ਹੋਵੇ ਯਾ ਅਵਾਣਾ, ਉਹ ਸ਼ੂਫ਼ੀਆਂ ਦੇ ਸੂਤਰ ਤੋਂ ਇਨਕਾਰ ਕਰਨ ਵਿਚ ਬੱਚਿਆਂ ਦੇ ਸਮਾਨ ਹੈ।

## ਹਿੰਦੀ ਸਾਹਿਤ ਅਤੇ ਸੂਤਰ

ਹਿੰਦੀ ਅਤੇ ਸੰਸਕ੍ਰਿਤੀ ਸਾਹਿਤ ਵਿਚੋਂ ਵੀ ਮਸਤੀ ਯਾ ਸੂਤਰ ਦੀ ਚੰਗੀ ਤਰ੍ਹਾਂ ਪੁਸ਼ਟੀ ਹੁੰਦੀ ਹੈ। ਇਸਦੇ ਕੁਝ ਉਦਾਹਰਣਾਂ ਪਾਠਕਾਂ ਦੇ ਸਉਹੇਂ ਰੱਖੇ ਜਾਂਦੇ ਹਨ:-

(੧) ਨਾਰਦ ਮੁਨੀ ਜੋ ਧਰੂ ਅਰ ਪ੍ਰਹਿਲਾਦ ਆਦਿਕ ਭਗਤਾਂ ਦੇ ਗੁਰੂ ਹੋਏ ਹਨ, 'ਭਗਤੀ' ਦੇ ਨਿਬੰਧ ਤੇ ਸੰਸਕ੍ਰਿਤੀ ਵਿਚ ੮੪ ਸੂਤ੍ਰ ਲਿਖੇ ਹਨ ਜਿਨ੍ਹਾਂ ਅੰਦਰ ਭਗਤੀ ਦੇ ਲਗਭਗ ਸਾਰਿਆਂ ਅੰਗਾਂ ਤੇ ਚਾਨਣ ਪਾਣ ਦਾ ਯਤਨ ਕੀਤਾ ਗਿਆ ਹੈ। ਛੇਵੇਂ ਸੂਤ੍ਰ ਵਿਚ ਮੁਨੀ ਜੀ ਲਿਖਦੇ ਹਨ ਕਿ ਭਗਤੀ ਅਜੇਹੀ 'ਸ਼ੈ' ਹੈ, ਜਿਸ ਦੇ ਪ੍ਰਭਾਵ ਨਾਲ ਮਨੁੱਖ ਉਨਮੱਤ ਯਾ ਮਸਤਾਨਾ ਹੋ ਜਾਂਦਾ ਹੈ, ਸ਼ਾਂਤ ਅਤੇ ਆਤਮ ਸੰਤੁਸ਼ਟ ਹੋ ਜਾਂਦਾ ਹੈ:-

**ਯਜ ਗਿਆਤਵਾਮੱਤੋ ਭਵਤਿ. ਸਤਬਧੋ, ਭਵਤਿ ਆਤਮ ਰਾਮੋ ਭਵਤਿ।**

ਇਸ ਸੂਤਰ ਦੀ ਵਿਆਖਿਆ ਵਿਚ ਲਿਖਿਆ ਹੈ ਕਿ :-

"ਭਗਵਾਨ ਦਾ ਪ੍ਰੇਮ ਪ੍ਰਗਟ ਹੁੰਦਿਆਂ ਹੀ ਮਨੁੱਖ ਨੂੰ ਪਾਗਲ ਕਰ ਦਿੰਦਾ ਹੈ। ਇਸ ਲਈ ਪ੍ਰੇਮੀ ਭਗਤ ਸਦਾ ਹੀ ਪ੍ਰੇਮ ਦੇ ਨਸ਼ੇ ਵਿਚ ਚੂਰ ਰਹਿੰਦਾ ਹੋਇਆ ਦਿਨ ਰਾਤ ਪ੍ਰਭੂ ਦੇ ਹੀ ਗੁਣ ਗੌਂਦਾ, ਸੁਣਦਾ ਅਤੇ ਚਿਤਵਦਾ ਰਹਿੰਦਾ ਹੈ। ਬਾਹਰਮੁਖੀ ਗਲਾਂ ਦੀ ਉਸ ਨੂੰ ਹੋਸ਼ ਹੀ ਨਹੀਂ ਰਹਿੰਦੀ। ਜਿਵੇਂ ਪਾਗਲ, ਜੋ ਚਾਹੇ ਬੋਲਦਾ ਹੈ ਅਤੇ ਕਰਦਾ ਹੈ, ਏਸੇ ਤਰ੍ਹਾਂ ਪ੍ਰੇਮ ਉਨਮੱਤ ਪ੍ਰੇਮੀ ਵੀ ਈਸ਼ਵਰ ਚਰਚਾ ਵਿਚ ਹੀ ਮਸਤ ਰਹਿੰਦਾ ਹੈ, ਕਿਉਂਕਿ ਉਸ ਦੇ ਮਨ ਨੂੰ ਏਹੀ ਚੰਗਾ ਲਗਦਾ ਹੈ।

(ਪ੍ਰੇਮ ਦਰਸ਼ਨ ਪੰਨਾ ੧੦)

(੨) ਭਾਗਵਤ ਪੁਰਾਣ ਦੇ ਯਾਰਵੇਂ ਸਕੰਧ, ਦੂਜੇ ਧਿਆ ਦੇ ੩੯-੪੦ ਸਲੋਕਾਂ ਵਿੱਚੋਂ ਸੂਤਰ ਦੀ ਇਉ ਪੁਸ਼ਟੀ ਹੁੰਦੀ ਹੈ:-

**ਸ੍ਰਵਣਨ ਸੁਭਦ੍ਰਾਣਿ ਰਥਾਂਗ ਪਾਣੇਰ ਜਨਮਾਨਿ ਕਰਮਾਣਿ ਚ ਯਾਨੀ ਲੋਕੋ।**
**ਗੀਤਾਨਿ, ਨਾਮਾਨਿ, ਤਦਰਥਕਾਨਿ ਗਾਯਨ ਵਿਲੱਜੋ ਵਿਚਰੇਦ ਸੰਗ।**
**ਏਵੰ ਵ੍ਰਤ ਸੁੰ ਪ੍ਰਿਯ ਨਾਮ ਕੀਰਤਯਾ ਜਾਤਾਨੁਰਾਗੇ ਦ੍ਰਤਚਿਤ ਉੱਚਚੇ।**
**ਸੱਤਯਥੋ ਰੋਦਿਤਿ ਰੋਤਿ ਗਾਯਤੁਨਮਾਦ ਵਨ ਨ੍ਰਤਯਾਤਿ ਲੋਗ ਵਾਹਯ।**

ਅਰਥਾਤ ਭਗਤ, ਚਕ੍ਰਧਾਰੀ ਭਗਵਾਨ ਨੇ ਕਲਿਆਣਕਾਰੀ ਅਰ ਲੋਕ ਪ੍ਰਸਿੱਧ ਜਨਮਾਂ ਤੇ ਕਰਮਾਂ ਨੂੰ ਸੁਣਦਾ ਹੋਇਆ ਉਨ੍ਹਾਂ ਦੇ ਅਨੁਸਾਰ ਰੱਖੇ ਗਏ ਨਾਮਾਂ ਨੂੰ ਲੱਜਿਆ ਛੱਢ ਕੇ ਗਾਉਂਦਾ ਹੋਇਆ, ਸੁਤੰਤ੍ਰਤਾ ਪੂਰਵਕ ਵਿਚਰਦਾ ਹੈ। ਏਸ ਤਰ੍ਹਾਂ ਬਰਤ ਧਾਰਨ ਕਰਕੇ ਉਹ ਆਪਨੇ ਪ੍ਰੀਤਮ ਦੇ ਨਾਮ ਤੇ ਕੀਰਤਨ ਨਾਲ ਪ੍ਰੇਮ ਹੋ ਜਾਣ ਦੇ ਕਾਰਨ ਕੋਮਲ ਚਿਤ ਹੋਇਆ ਪਾਗਲ ਵਾਂਗ ਕਦੇ ਖਿੜ ਖਿੜ ਹਸਦਾ ਹੈ, ਕਦੇ ਰੋਂਦਾ ਹੈ, ਕਦੇ ਚਾਂਗਰਾਂ ਮਾਰਦਾ ਹੈ, ਕਦੇ ਉੱਚੇ ਸੁਰ ਨਾਲ ਗੌਣ ਲਗ ਪੈਂਦਾ ਹੈ ਤੇ ਕਦੇ ਨੱਚਣ ਲਗ ਪੈਂਦਾ ਹੈ।

(੩) ਊਧਵ ਜੀ ਬ੍ਰਿਜ ਤੋਂ ਮਥਰਾ ਪਹੁੰਚ ਕੇ ਸ੍ਰੀ ਰਾਧਿਕਾ ਜੀ ਦੇ ਸੂਤਰ ਦਾ ਇਸ ਪ੍ਰਕਾਰ ਵਰਣਨ ਕਰਦ ਹਨ:-

**ਭ੍ਰਮਤਿ ਭਵਨ ਗਰਭੇ, ਨਿਰਨਿਮਿਤੰ ਹਸੰਤਿ ਪ੍ਰਥਯਤਿ**
**ਤੂੰ ਵਾਰਤਾਂ ਚੇਤਨਾ ਚੇਤਨੇਸ਼ੂ। ਲੁਠਤਿ ਚ ਭਵਿ ਰਾਧਾ।**
**ਕੰਗਤਾਂਗਿ ਮੁਰਾਰੇ, ਵਿਸ਼ਮ ਵਿਸ਼ਯ ਖੇਦੋ ਦੂਰਗਾ ਰਿਵਿ ਭ੍ਰਾਂਤ ਚਿਤ:**

ਊਧਵ ਜੀ ਭਗਵਾਨ ਪ੍ਰਤੀ ਰਾਧਿਕਾ ਜੀ ਦੀ ਦਸ਼ਾ ਦਸਦੇ ਹੋਏ ਕਹਿੰਦੇ ਹਨ ਕਿ ਮਹਾਰਜ ! ਉਸ ਦੀ ਤਾਂ ਦਸ਼ਾ ਹੀ ਵਿਚਿਤ੍ਰ ਹੈ ਘਰ ਦੇ ਵੇਹੜੇ ਵਿਚ ਭੌਂਦੀ ਰਹਿੰਦੀ ਹੈ। ਬਿਨਾ ਕਾਰਨ ਹੀ ਖਿੜ ਖਿੜ ਹੱਸਣ ਲੱਗ ਪੈਂਦੀ ਹੈ। ਚੇਤਨ ਅਤੇ ਅਚੇਤਨ ਅਵਸਥਾ ਵਿਚ ਆਪ ਦੀ ਗੱਲ ਹੀ ਮੂੰਹੋਂ ਕੱਢਦੀ ਹੈ। ਕਦੇ ਧੂੜ ਵਿਚ ਲੇਟਨ ਲਗ ਪੈਂਦੀ ਹੈ, ਕਦੇ ਥਰ ਥਰ ਕੰਬਣ ਲੱਗ ਜਾਂਦੀ ਹੈ।ਹੇ ਮੁਰਾਰੀ ! ਕੀ ਦਸਾਂ ਉਹ ਚੰਦ੍ਰਮੁਖੀ ਰਾਧੇ ਆਪਦੇ ਬਿਖਮ ਮੇਹਰ ਖੇਦ ਦੁਆਰਾ ਵਿਭ੍ਰਾਂਤ ਹੋਈ ਹੋਈ ਬਿਚਿੱਤ੍ਰ ਪ੍ਰਕਾਰ ਦੀਆਂ ਚੇਸ਼ਟਾਂ ਕਰਦੀ ਹੈ।

(੪) ਸ੍ਰੀ ਰਾਮ ਚੰਦ੍ਰ ਜੀ ਦੀ ਉਡੀਕ ਵਿਚ ਸੁਤੀਖ਼ਨ ਮੁਨੀ ਬਿਹਬਲ ਹੈ। ਜਿਸ ਰਸਤੇ ਸ੍ਰੀ ਰਾਮ ਚੰਦ੍ਰ ਜੀ ਨੇ ਆਉਣਾ ਸੀ ਸੁਤੀਖ਼ਸਨ ਜੀ ਬਾਵਰੀ ਦਸ਼ਾ ਵਿਚ ਓਧਰ ਨੂੰ ਜਾ ਰਹੇ ਸਨ। ਰਾਮ ਚਰਿਤ ਮਾਨਸ ਵਿਚ ਉਨ੍ਹਾਂ ਦੀ ਮਸਤ ਬ੍ਰਿਤੀ ਵਰਨਣ ਇਉਂ ਕਿਤਾ ਗਿਆ ਹੈ:-

**ਦਿਸ ਅਰ ਬਿਦਿਸ ਪੰਥ ਨਹੀਂ ਸੂਝਾ। ਕੋ ਮੈਂ ਚਲਿਓ ਕਹਾਂ ਨਹੀਂ ਬੂਝਾਂ।**
**ਕਬਹੁੰ ਕਿ ਫਿਰ ਪਾਛੇ ਹਟ ਜਾਈ । ਕਬਹੁੰ ਕਿ ਨਿਰਤ ਕਰ ਸੁਨ ਸਾਈ।**
**ਅਬਿਰਲ ਪ੍ਰੇਮ ਭਗਤਿ ਮੁਨਿ ਪਾਈ। ਪ੍ਰਭ ਦੇਖਹਿੰ ਤਰ ਓਟ ਲੁਕਾਈ।**

(੫) ਗੋਪੀਆਂ ਭਗਵਾਨ ਨੂੰ ਕਹਿੰਦੀਆਂ ਹਨ:-

**ਚਿਤੰ ਸੁਖੇਨ, ਭਵ ਤਾਵ ਹ੍ਰਤੰ ਗ੍ਰਹੇਸ਼ੂ।**

**ਯਨ ਨਿਰ ਵਿਸ਼ਤਬੁਤ ਕਰਾਵਪਿ ਗ੍ਰਹਯ ਕਤਯੇ।**
**ਪਾਦੌਂ ਪਦੰ ਨ ਚਲਤਸ ਭਵ ਪਾਦ ਮੂਲਾਦ**
**ਯਾ ਮ: ਕਧੰ ਵ੍ਰਜ ਮਥੋ ਕਰਵਾਮ ਕਿੰਵਾ।**

(ਸ੍ਰੀ ਮਦ ਭਗਵਤ ਪੁਰਾਣ ੧੦-੨੯-੩੪)

ਅਰਥਾਰ- ਹੇ ਪ੍ਰੀਤਮ ! ਸਾਡਾ ਚਿੱਤ ਅਨੰਦ ਪੂਰਵਕ ਘਰ ਦੇ ਕੰਮਾਂ ਵਿਚ ਰੁੱਝਾ ਹੋਇਆ ਸੀ, ਸੋ ਤੁਸਾਂ ਚੁਰਾ ਲਿਆ ਹੈ। ਸਾਡੇ ਹੱਥ ਘਰ ਦੇ ਕੰਮਾਂ ਵਿਚ ਲੱਗੇ ਹੋਏ ਸਨ ਉਹ ਵੀ ਨਿਕੰਮੇ ਹੋ ਗਏ ਹਨ, ਤੁਹਾਡੇ ਚਰਨ ਕਮਲਾਂ ਤੋਂ ਇਕ ਕਦਮ ਵੀ ਪਿੱਛੇ ਨਹੀਂ ਹੱਟਣਾ ਚਾਹੁੰਦੇ। ਹੁਣ ਅਸੀਂ ਘਰ ਕਿਸ ਤਰ੍ਹਾਂ ਜਾਈਏ ? ਤੇ ਜਾ ਕੇ ਕਰੀਏ ਵੀ ਕੀ ? ਸੰਸਾਰ ਦਾ ਨਕਸ਼ਾ ਚਿੱਤ ਤੋਂ ਮਿੱਟ ਜਾਣ ਦੇ ਕਾਰਨ ਭਗਤ ਕਿਸੇ ਵੀ ਲੌਕਿਕਯਾ ਵੈਦਿਕ ਕਾਰਜ ਦੇ ਕਰਨਯੋਗ ਨਹੀਂ ਰਹਿੰਦਾ, ਕਿਉਂਕਿ ਉਹ ਕੰਮ ਉਸ ਤੋਂ ਸੁਭਾਵਿਕ ਹੀ ਛੁੱਟ ਜਾਂਦੇ ਹਨ ਅਤੇ ਲੋਕ ਉਸ ਨੂੰ ਆਖਣ ਲੱਗ ਪੈਂਦੇ ਹਨ।

(੬) ਭਗਤ ਸੂਰ ਦਾਸ ਜੀ ਪ੍ਰੇਮ ਲੱਛਨਾਂ ਭਗਤੀ ਦਾ ਲੱਖਛਣ ਕਰਦੇ ਹੋਏ ਲਿਖਦੇ ਹਨ:-

**ਨ ਲਾਜ ਤੀਨ ਲੋਕ ਕੀ ਨ ਵੇਦ ਕੇ ਕਹਿਓ ਕਰੈਂ।**
**ਨ ਸੰਕ ਭੂਤ ਪ੍ਰੇਤ ਕੀ ਨ ਦੇਵ ਜੱਛ ਤੇ ਡਰੈਂ।**
**ਸੁਨੈ ਨ ਕਾਨ ਕੀ ਦੂਸੈ ਨ ਔਰ ਇੱਛਨਾਂ।**
**ਕਰੈ ਨ ਬਾਤ ਔਰ ਕੀ ਸੁ ਭਗਤਿ ਪ੍ਰੇਮ ਲੱਛਨਾਂ।**

(੭) ਭਗਤ ਸੁੰਦਰ ਦਾਸ ਜੀ ਪ੍ਰੇਮੀ ਭਗਤ ਦੀਆਂ ਚੇਸ਼ਟਾਵਾਂ ਦਾ ਜ਼ਿਕਰ ਇਉਂ ਕਰਦੇ ਹਨ :-

**ਕਬਹੁੰਕ ਹੰਸ ਉਠ ਨਿਰਤ ਕਰੈ ਰੋਵਨ ਫਿਰ ਲਾਗੈ।**
**ਕਬਹੁੰਕ ਗਦ ਗਦ ਕੰਠ ਸ਼ਬਦ ਨਿਕਸੈ ਨਹਿੰ ਆਗੈ।**
**ਕਬਹੁੰਕ ਹਿਰਦੈ ਉਮੰਗ, ਬਹੁਤ ਊਚੇ ਸੁਰ ਗਾਵੈ।**
**ਕਬਹੁੰਕ ਹ੍ਵੈ ਮੁਕ ਮੌਨ ਗਗਨ ਜੈਸੋ ਰਹਿ ਜਾਵੈ।**
**ਚਿੱਤ ਬਿੱਤ ਹਰਿ ਮੋਂ ਲਗਿਓ, ਸਾਵਧਾਨ ਕੈਸੇ ਰਹੈ।**
**ਯਹ ਪ੍ਰੇਮ ਲੱਛਨਾਂ ਭਗਤਿ ਹੈ, ਸ਼ਿੱਸ਼ ਸੁਨੋ ਸੁੰਦਰ ਕਹੈ।**

## ਇਸਲਾਮ ਵਿੱਚ ਸੂਤਰ

ਹਿੰਦੀ ਸਾਹਿੱਤ ਅੰਦਰ ਸੂਤਰ ਦੀ ਵਿਦਮਾਨਤਾ ਦਿਖਾਣ ਉਪਰੰਤ ਹੁਣ ਇਸਲਾਮੀ ਸਾਹਿੱਤ ਵਿੱਚ ਵੀ ਉਸਦੀ ਪ੍ਰਮਾਣਤਾ ਵਰਣਿਤ ਹੈ। ਮਨਸਵੀ ਮੌਲਾਨਾ ਰੂਮ ਦੀ ਇਕ ਸਰ੍ਹਾ ਵਿੱਚੋਂ ਸੂਤਰ ਦੀ ਦਸ਼ਾ ਇਸ ਤਰ੍ਹਾਂ ਪੁਸ਼ਟੀ ਹੁੰਦੀ ਹੈ:-

ਇਸਲਾਮ ਵਿਚ ਸ਼ੂਫ਼ੀ ਸੰਤਾਂ ਦਾ ਮੱਤ ਹੈ ਕਿ ਸੂਫ਼ੀ ਦਾ ਦਿਲ ਰਾਗ ਸੁਣ ਕੇ ਅਜੇਹਾ ਸ਼ੁੱਧ ਹੋ ਜਾਂਦਾ ਹੈ, ਜੇਹਾ ਕੇ ਚਾਂਦੀ ਅੱਗ ਵਿਚ ਰੱਖਣ ਨਾਲ ਸ਼ੁੱਧ ਹੋ ਜਾਂਦੀ ਹੈ। ਕਵਾਲੀਯਾਂ ਕੀਰਤਨ ਸੁਨਣ ਨਾਲ ਦਿਲ ਵਿਚ ਅਜੇਹੀ ਅੱਗਨੀ ਪ੍ਰਚੰਡ ਹੁੰਦੀ ਹੈ ਜਿਸ ਨਾਲ ਮਨ ਦੀਆਂ ਅਨੇਕ ਕਦੂਰਤਾਂ ਸੜ ਕੇ ਸਵਾਹ ਹੋ ਜਾਂਦੀਆਂ ਹਨ। ਜਿਹੜੀ ਮਸਤੀ ਕਈਆਂ ਸਾਧਨਾਂ ਦੁਆਰਾ ਵੀ ਪ੍ਰਾਪਤ ਨਹੀਂ ਹੋ ਸਕਦੀ। ਸੂਫ਼ੀ ਨੂੰ ਕੇਵਲ ਕਵਾਲੀ (ਕੀਰਤਨ) ਸੁਨਣ ਨਾਲ ਹੀ ਪ੍ਰਾਪਤ ਹੋ ਜਾਂਦੀ ਹੈ। ਬਾਜੇ ਵੇਲੇ ਕੀਰਤਨ ਸੁਨਣ ਦੀ ਦਸ਼ਾ ਵਿਚ ਸੂਫ਼ੀ ਦੇ ਅੰਗਾਂ ਦੀ ਸ਼ਕਤੀ ਜੜ ਜੇਹੀ ਹੋ ਜਾਂਦੀ ਹੈ ਅਤੇ ਉਹ ਬੇਹੋਸ਼ ਹੋ ਕੇ ਡਿੱਗ ਪੈਂਦਾ ਹੈ। ਸਭਾ ਵਿਚ ਬੈਠੇ ਹੋਰ ਲੋਕ ਵੀ ਮਸਤਾਨੇ ਸੂਫ਼ੀ ਦੀਆਂ ਬਰਕਤਾਂ ਤੋਂ ਖਾਲੀ ਨਹੀਂ ਰਹਿੰਦੇ। ਹਾਂ ਅਸਲੀ ਤੇ ਬਨੌਟੀ ਸੂਤਰ ਦੀ ਪਰਖ ਉਨ੍ਹਾਂ ਨੂੰ ਹੈ ਜੋ ਆਹਲਾ ਦਰਜੇ ਦੇ ਵਾਕਫ਼ਕਾਰ ਹਨ।

(ਸ਼ਰਾ ਮਸਨਵੀ ਮੌਲਾਨਾ ਰੂਮ)

(੨) ਹਜ਼ਰਤ ਮੁਹੰਮਦ ਸਾਹਿਬ ਦੀ ਸ਼ਬੇ ਮੈਰਾਜ ਵੀ ਮਸਤੀ ਦਾ ਹੀ ਇਕ ਮੁਸ਼ਾਹਦਾ ਹੈ। ਇਸ ਬਾਬਤ ਮੌਲਾਨ ਰੂਮੀ ਆਖਦੇ ਹਨ :-

**ਜਿਸਮਿ ਖ਼ਾਕ ਅਜ਼ਇਸ਼ਕ  ਦਰ ਅਫ਼ਲਾਕ ਸ਼ੁਦ।**
**ਕੋਹ ਦਰ ਰਕਸ ਆਮਦੋ ਚਾਲਾਕ ਸ਼ੁਦ।**

ਅਰਥਾਤ- ਰਸੂਲੇ  ਅੱਲਾ ਦਾ ਖ਼ਾਕੀ ਜਿਸਮ ਇਸ਼ਕ ਦੇ ਪ੍ਰਭਾਵ ਨਾਲ ਆਸਮਾਨਾਂ ਤੇ ਗਿਆ ਅਤੇ ਪਹਾੜ ਤੂਰ (ਰੱਬੀ ਜਲਵੇ ਦੀ ਝਲਕ ਨਾਲ) ਨੱਚਣ ਲੱਗ ਪਿਆ।

ਪਹਾੜ ਦੀ ਕਥਾ ਕੁਰਾਨ ਸ਼ਰੀਫ਼ ਵਿੱਚ ਇਉਂ ਆਈ ਹੈ ਕਿ- ਹਜ਼ਰਤ ਮੂਸਾ ਸਾਹਿਬ ਨੇ ਰੱਬ ਕੋਲ ਬੇਨਤੀ ਕੀਤੀ ਕਿ ਉਸ ਨੂੰ ਦੀਦਾਰ ਦਿੱਤਾ ਜਾਵੇ। ਅੱਗੋਂ ਅਵਾਜ ਆਈ ਕਿ "ਤੂੰ ਮੈਨੂੰ ਏਨ੍ਹਾਂ ਅੱਖਾਂ ਨਾਲ ਕਦਾਇਤ ਨਹੀਂ ਦੇਖ ਸਕਦਾ, ਪਰ ਤੂੰ ਕੋਹ ਤੂਰ ਵੱਲ ਜਾ। ਓਥੇ ਮੈਂ ਆਪਣੇ ਨੂਰ ਦੀ ਇਕ ਕਿਰਨ ਸੁੱਟਾਂਗਾ। ਜੇਕਰ ਪਹਾੜ ਆਪਣੀ ਪਹਿਲੀ ਦਸ਼ਾ ਵੱਲ ਟਿਕਿਆ ਰਿਹਾ ਤਾਂ ਤੂੰ ਵੀ ਮੈਨੂੰ ਦੇਖ ਸਕੇਂਗਾ। ਮੂਸਾ ਜੀ ਓਧਰ ਗਏ। ਜਦ ਪਹਾੜ ਤੇ ਕਿਰਨ ਦੀ ਜਲਵਾਨੁਮਾਈ ਹੋਈ ਤਾਂ ਪਹਾੜ ਦੇ ਕਈ ਟੁੱਕੜੇ ਹੋ ਗਏ ਅਤੇ ਹਰ ਇੱਕ ਟੁੱਕੜਾ ਨੱਚਣ ਲੱਗ ਪਿਆ। ਦੂਜੇ ਪਾਸੇ ਹਜ਼ਰਤ ਮੂਸਾ ਸਾਹਿਬ ਬੇਹੋਸ਼ ਹੋ ਕੇ ਡਿੱਗ ਪਏ ਅਤੇ ਅੱਠ ਪਹਿਰ ਹਜ਼ੂਰ ਨੂੰ ਹੋਸ਼ ਨਾ ਆਈ, ਭਾਵ ੪੮ ਘੰਟੇ ਉਨ੍ਹਾਂ ਨੂੰ ਸੂਤਰ ਹੀ ਪਿਆ ਰਿਹਾ। ਇਹ ਬਾਰਤਾ ਕੁਰਾਨ ਸ਼ਰੀਫ਼ ਦੀ ਦੂਜੀ ਮੰਜ਼ਲ ਨਾਵੇਂ ਸਪਾਰੇ ਅਤੇ ਸਤਵੀਂ ਸੂਰਤ ਵਿੱਚ ਦਰਜ ਹੈ। ਇਸ ਪਰ ਮੌਲਾਨ ਰੂਮ ਕਹਿੰਦੇ ਹਨ:-

**ਇਸ਼ਕ ਜਾਨੇ ਤੂਰ ਆਮਦ ਆਸ਼ਿਕਾ। ਤੂਰ ਮਸਤੋ ਖ਼ੁਰਾ ਮੂਸਾ ਸੁਆਇਕਾ।**

ਅਰਥਾਤ- ਐ ਪ੍ਰੇਮੀ ! ਪ੍ਰੇਮ ਤੂਰ ਜੀ ਜਾਨ ਸਿੱਧ ਹੋਇਆ। ਤੂਰ ਮਸਤਾਨਾ ਤੇ ਮੂਸਾ ਬੇ ਹੋਸ਼ ਹੋ ਗਿਆ।

(੩) ਹਜ਼ਰਤ ਮੁਹੰਮਦ ਸਾਹਿਬ ਨੂੰ ਇਹਲਾਮ ਦੇ ਸਮੇਂ ਸੂਤਰ ਦਾ ਹੋਣਾ ਇਸਲਾਮੀ ਅਦਬ ਵਿਚੋਂ ਸਿੱਧ ਹੈ। ਜਿਸ ਸਮੇਂ ਆਪ ਤੇ ਵਹੀ ਨਾਜ਼ਲ ਹੁੰਦੀ ਸੀ। ਆਪਦਾ ਮੂੰਹ ਝੱਗ ਨਾਲ ਭਰ ਜਾਂਦਾ ਸੀ। ਅਤੇ ਮੂੰਹ ਵਿਚੋਂ ਅਜੇਹੀ ਅਵਾਜ ਨਿਕਲਦੀ ਸੀ, ਜਿਸ ਨੂੰ ਸੁਨਣ ਵਾਲੇ ਲੋਕ ਤ੍ਰਹਿ ਜਾਂਦੇ ਸਨ। ਅਜੇਹੀ ਦਸ਼ਾ ਵਿੱਚ ਹਜ਼ਰਤ ਕਿੰਨਾ ਕਿੰਨਾ ਚਿਰ ਬੇਹੋਸ਼ ਪਏ ਰਹਿੰਦੇ ਸਨ।

(੪) ਖ਼ਵਾਜ਼ਾ ਸਾਹਿਬ ਹਜ਼ਰਤ ਮੁਅੱਯਨੁੱਦੀਨ ਚਿਸ਼ਤੀ ਅਜਮੇਰ ਵਾਲਿਆਂ ਸੰਬਧੀ ਉਨ੍ਹਾਂ ਦੀ ਜੀਵਨੀ ਵਿੱਚ ਲਿਖਿਆ ਹੈ ਕਿ ਆਪ ਇਕ ਵਾਰ ਖ਼ਵਾਜ਼ਾ ਹਜ਼ਰਤ ਸ਼ੇਖ਼ ਅਬਦੁਲਕਾਦਰ ਜੀਲਾਨੀ ਜੀ ਦੇ ਚਰਨਾਂ ਵਿਚ ਪੁੱਜੇ ਤੇ ਸਰੋਦ(ਕੀਰਤਨ) ਨੂੰ ਕੱਢ ਦਿੱਤਾ ਹੋਇਆ ਸੀ। ਇਸ ਲਈ ਆਪ ਨੂੰ ਕੀਰਤਨ ਦਾ ਪ੍ਰਬੰਧ ਕਰਨਾ ਔਖਾ ਹੋ ਗਿਆ। ਹਜ਼ਰਤ ਮੁਅੱਯਨੁੱਦੀਨ ਚਿਸ਼ਤੀ ਦੇ ਦਰਜੇ ਨੂੰ ਜੀਲਾਨੀ ਸਾਹਿਬ ਚੰਗੀ ਤਰ੍ਹਾਂ ਜਾਣਦੇ ਸਨ, ਜਿਸ ਕਰਕੇ ਰਾਗ ਨੂੰ ਹਰਾਮ ਸਮਝਦਿਆਂ ਹੋਇਆ ਵੀ ਆਪਨੇ ਕੀਰਤਨ ਦਾ ਪ੍ਰਬੰਧ ਕਰ ਦਿੱਤਾ। ਇੱਕ ਬੁੱਢਾ ਕੱਵਾਲ ਲਿਆਂਦਾ ਗਿਆ। ਜਿਸਨੇ ਕੀਰਤਮ ਸ਼ੁਰੂ ਕਰ ਦਿੱਤਾ। ਕੱਵਾਲ ਨੇ ਜਿਸ ਵੇਲੇ ਇਸ ਮਖ਼ਸੂਸ ਅਦਾ ਨਾਲ ਇਹ ਮਿਸਰਾ ਗਾਇਆ –**"ਕੁਸ਼ਤਗਾਨਿ ਖ਼ੰਜਰੇ ਤਸਲੀਮ ਰਾ" .........**ਤਾਂ ਖ਼ਵਾਜ਼ਾ ਸਾਹਿਬ ਨੂੰ ਹਾਲ(ਯਾ ਸੂਤਰ) ਪੈ ਗਿਆ। ਉਸ ਦਸ਼ਾ ਵਿੱਚ ਆਪਦਾ ਸਰੀਰ ਰੂੰ ਦੇ ਗੇੜੇ ਵਾਂਗ ਹੌਲਾ ਫੁੱਲ ਹੋ ਗਿਆ। ਦਰਸ਼ਕ ਇਹ ਦੇਖ ਕੇ ਅਕੀਦਤ  ਨਾਲ ਝੁਕ ਗਏ, ਜਿਸ ਵੇਲੇ ਉਨ੍ਹਾਂ ਨੇ ਦੇਖਿਆ ਕਿ ਖ਼ਵਾਜ਼ਾ ਸਾਹਿਬ ਉੱਡ ਉੱਡ ਕੇ ਛੱਤ ਨਾਲ ਜਾ ਲੱਗਦੇ ਹਨ ਤੇ ਫੇਰ ਭੁਇੰ ਤੇ ਡਿੱਗ ਪੈਂਦੇ ਹਨ।

(੫) ਹਜ਼ਰਤ ਮਨਸੂਰ ਅਤੇ ਸ਼ਮਸ ਤਬਰੇਜ਼ ਦੇ ਨਾਵਾਂ ਤੋਂ ਕਿਹੜਾ ਸੱਜਨ ਨਵਾਕਫ਼ ਹੈ ? ਮਨਸੂਰ ਦੇ ਸੂਲੀ ਚੜਾਏ ਅਤੇ ਸ਼ੱਮਸ ਦੀ ਖੱਲ ਲਾਹੀ ਜਾਣ ਦਾ ਅਧਾਰਭੂਤ ਵੀ ਸੂਤਰ ਹੀ ਹੈ। ਮਨਸੂਰ ਦਾ "ਅਨਲਹੱਕ" ਅਤੇ ਸ਼ੱਮਸ ਤਬਰੇਜ਼ ਦਾ "ਕੁਮ ਬਿਇਜ਼ਨੀ" ਕਹਿਣਾ ਸੂਤਰ ਦੇ ਹੀ ਕ੍ਰਿਸ਼ਮੇ ਸਨ। ਪਹਿਲੇ ਨੇ ਮਸਤੀ ਵਿੱਚ ਆ ਕੇ ਨਾਹਰਾ ਮਾਰਿਆ- "ਮੈਂ ਖ਼ੁਦਾ ਹਾਂ" ਤਾਂ ਦੂਜੇ ਨੇ "ਕੁਮ ਬਇਜ਼ਨੀ" (ਮੇਰੇ ਹੁਕਮ ਨਾਲ ਜ਼ਿੰਦਾ ਹੋ ਜਾ) ਕਹਿ ਕੇ ਮੋਹਿਆ ਹੋਇਆ ਹਾਥੀ ਜਿਵਾਲ ਦਿੱਤਾ। ਮੌਲਵੀ ਲੋਕਾਂ ਨੇ ਫ਼ਤਵੇ ਦੇ ਕੇ ਉਨ੍ਹਾਂ ਦੀਆਂ ਜਾਨਾਂ ਖ਼ਤਮ ਕਰ ਦਿੱਤੀਆਂ।

## ਸਿੱਖ ਸਾਹਿਤ ਵਿੱਚੋਂ ਸੂਤਰ ਦੀ ਸਿੱਧੀ

ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਸ੍ਰੀ ਨਾਰਦ ਮੁਨੀ ਨੇ ਪ੍ਰੇਮ ਨੂੰ -"ਅਨਰਵਚਨੀਯ" ਅਰਥਾਤ ਨਾਕਾਬਲੇ ਬਿਆਨ ਕਿਹਾ ਹੈ। ਗੁਰਬਾਣੀ ਦੁਆਰਾ ਵੀ ਇਸ ਦੀ ਪੁਸ਼ਟੀ ਹੁੰਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ 'ਪ੍ਰੇਮ' ਨੂੰ - "ਅਕੱਥ" ਅਰਥਾਤ ਕਥਨ ਤੋਂ ਰਹਿਤ ਕਿਹਾ ਹੈ। ਆਪਦਾ ਵਾਕ ਹੈ-

**ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮ ਆਖੈ ਆਇ।**
**ਤਿਸ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ।**

ਪ੍ਰੇਮ ਦੀ ਕਹਾਣੀ ਅਕੱਥ ਇਸ ਵਾਸਤੇ ਹੈ ਕਿ ਜਿਨ੍ਹਾਂ ਨੇ ਇਸ ਦਾ ਰਸ ਨਹੀਂ ਚੱਖਿਆ, ਉਹ ਤਾਂ ਇਸ ਦਾ ਸੁਆਦ ਜਾਣਦੇ ਨਹੀਂ ਅਤੇ ਜਿਨ੍ਹਾਂ ਨੇ ਚੱਖਿਆ ਹੈ ਉਹ ਕਹਿ ਨਹੀਂ ਸਕਦੇ- **"ਕਹਿਣੇ ਵਾਲੇ ਤੇਰੇ ਰਹੇ ਸਮਾਇ"**

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਤੱਤ ਨੂੰ ਸਮਝਾਣ ਦਾ ਯਤਨ ਕਰਦਿਆਂ ਹੋਇਆਂ ਕਿਹਾ ਹੈ:-

**"ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ ਗੂੰਗਾ ਮੁਸਕਾਵਤ॥੧॥**

(ਸਾਰੰਗ ਮ: ੫ ੧੨੦੫)

ਗੂੰਗੇ ਆਦਮੀ ਨੂੰ ਜਦ ਕਿਸੇ ਮਿੱਠੇ ਪਦਾਰਥ ਦਾ ਰਸ ਔਂਦਾ ਹੈ ਤਾਂ ਉਹ ਮਾਂਘੇ ਮਾਰਦਾ, ਹਸਦਾ, ਨੱਚਦਾ ਤੇ ਭੁੜਕਦਾ ਹੈ, ਪਰ ਮੂੰਹੋਂ ਕੁਛ ਨਹੀਂ ਕਹਿ ਸਕਦਾ। ਏਹੀ ਦਸ਼ਾ ਮਸਤਾਨੇ ਦੀ ਹੈ, ਜੋ ਮੂੰਹੋਂ ਤਾਂ ਘੱਟ ਬੋਲਦਾ ਹੈ ਪਰ ਹਾਲੋ ਬੇਹਾਲ ਹੋ ਕੇ ਇਸ ਗਲ ਦਾ ਮੁਜ਼ਾਹਰਾ ਜਰੂਰ ਕਰਦਾ ਹੈ ਕਿ ਉਸ ਨੂੰ ਕੋਈ ਅਕਹਿ ਰਸ ਪ੍ਰਾਪਤ ਹੋ ਰਿਹਾ ਹੈ। ਗੁਰੂ ਜੀ ਨੇ ਕਿਹਾ ਹੈ:-

**ਮਾਈ ਰੀ ਮਨੁ ਮੇਰੋ ਮਤਵਾਰੋ।**
**ਪੇਖਿ ਦਇਆਲ ਅਨਦ ਸੁਖ ਪੂਰਨ ਹਰਿ ਰਸਿ ਰਪਿਓ ਖੁਮਾਰੋ।**

ਭਗਤ ਸ਼੍ਰੋਮਣੀ ਕਬੀਰ ਜੀ ਨੂੰ ਸੂਤਰ ਹੋਇਆ ਤਾਂ ਲੋਕਾਂ ਕਿਹਾ ਕਬੀਰ ਬਉਰਾ ਹੋ ਗਿਆ ਹੈ। ਕਬੀਰ ਜੀ ਨੇ ਆਪਣੀ ਬਾਬਤ ਆਪ ਕਿਹਾ ਹੈ:-

**ਲੋਗੁ ਕਹੈ ਕਬੀਰ ਬਉਰਾਨਾ। ਕਬੀਰ ਕਾ ਮਰਮੁ ਰਾਮ ਪਹਿਚਾਨਾ।**

(ਭੈਰਉ ਕਬੀਰ ਜੀਉ)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਸੂਤਰ ਦਾ ਆਦਰਸ਼ ਦਿਖਾਇਆ ਤਾਂ ਲੋਕ ਕਹਿਣ ਲਗੇ- "ਇਹ ਖ਼ਫ਼ਤੀ ਹੋ ਗਿਆ ਹੈ, ਕਮਲਾ ਹੋ ਗਿਆ ਹੈ, ਜਿੰਨ ਭੂਤ ਦਾ ਸਾਇਆ ਜਾਪਦਾ ਹੈ, ਕੋਈ ਰੋਗ ਲੱਗ ਗਿਆ ਸੂ" ਆਦਿ ਗੁਰੂ ਜੀ ਨੇ - "ਹਾਂ' ਵਿੱਚ ਉਤ੍ਰ ਦਿੰਦਿਆਂ ਹੋਇਆ ਕਿਹਾ ਕਿ :-

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ।**
**ਕੋਈ ਆਖੈ ਆਦਮੀ ਨਾਨਕ ਬੇਚਾਰਾ।**
**ਭਇਆ ਦੀਵਾਨਾ ਸਾਹ ਕਾ ਨਾਨਕੁ ਬਉਰਾਨਾ।**

(ਮਾਰੂ ਮ: ੧ ਪੰ: ੯੯੧)

ਲੋਕ ਇਨ੍ਹਾਂ ਨਾਮ ਰੰਗ ਰਤਿਆਂ ਤੇ ਮਸਤੀ ਵਿੱਚ ਮੱਤਿਆਂ ਨੂੰ ਭਾਵੇ ਕੁਛ ਕਹਿਣ, ਪਰ ਉਹ ਆਪਨੇ ਰੰਗ ਵਿੱਚ ਹਸਦੇ, ਰੰਗ ਵਿਚ ਰੌਂਦੇ ਅਤੇ ਚੁੱਪ ਵੀ ਸਾਧੀ ਰੱਖਦੇ ਹਨ:-

**ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ**
**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥**

(ਆਸਾ ਦੀ ਵਾਰ, ਪੰਨਾ ੪੭੩)

**ਹਰਿ ਕੇ ਦਾਸ ਹਰਿ ਸੇਤੀ ਰਾਤੇ । ਰਾਮ ਰਸਾਇਣ ਅਨਦਿਨ ਮਾਤੇ।**

(ਸੂਹੀ ਮ:੫)

**ਸਦਾ ਰੰਗਿ ਰਾਤੇ ਤੇਰੈ ਚਾਇ। ਹਰਿ ਜੀਉ ਆਪਿ ਵਸੈ ਮਨਿ ਆਇ।**

(ਬਿਲਾਵਲ ਮਹਲਾ ੩, ਪੰਨਾ ੭੯੮)

## ਕੇਸਾਂ ਦੀ ਬੇ-ਅਦਬੀ

ਕਿਸੇ ਨਾਮਧਾਰੀ ਸਿੱਖ ਨੂੰ ਸੂਤਰ ਹੋਣ ਕਰਕੇ ਜਦ ਉਹ ਖੁਲ੍ਹੇ ਕੇਸੀਂ ਖੇਡਦਾ, ਨੱਚਦਾ ਅਤੇ ਏਸੇ ਤਰ੍ਹਾਂ ਦੀਆਂ ਹੋਰ ਚੇਸ਼ਟਾ ਕਰਦਾ ਤਾਂ ਕੁਸੰਗੀ ਅਤੇ ਸਾਕਤ ਲੋਕ ਕਿਹਾ ਕਰਦੇ ਸਨ ਕਿ "ਇਹ ਕੇਸਾਂ ਦੀ ਸਖ਼ਤ ਬੇ-ਅਦਬੀ ਹੈ।" ਪਰ ਉਹਨਾਂ ਨੂੰ ਇਸ ਗਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਪ੍ਰੇਮ ਦੇ ਆਵੇਸ਼ ਵਿਚ ਆ ਕੇ ਦਸਤਾਰ ਲਹਿਣ ਨਾਲ ਬੇ-ਅਦਬੀ ਨਹੀਂ ਹੁੰਦੀ, ਸਗੋਂ ਬੇ-ਅਦਬੀ ਉਸ ਹਾਲਤ ਵਿਚ ਹੁੰਦੀ ਹੈ ਜਿਸ ਵਿਚ ਕੋਈ ਜਾਣ ਬੁਝ ਕੇ ਕੇਸਾਂ ਨੂੰ ਖਿਲਾਰੇ, ਨੱਚੇ, ਟੱਪੇ ਯਾ ਬੇ-ਅਦਬੀ ਹੁੰਦੀ ਹੈ ਗੁਰੂ ਜੀ ਦੀ ਕਿਸੇ ਆਗਯਾ ਦੀ ਉਲੰਘਣਾ ਨਾਲ। ਪਰ ਜਿਸ ਦਸ਼ਾ ਵਿਚ ਗੁਰੂ ਜੀ ਦੇ ਸ਼ਬਦ ਤੋਂ ਪ੍ਰਭਾਵਿਤ ਹੋ ਕੇ ਸਿੱਖ ਦੀ ਅਜੇਹੀ ਹਾਲਾਤ ਹੋਵੇ, ਸਿਰ ਤਾਂ ਕਿੱਤੇ ਰਿਹਾ ਉਹ ਅਲਫ ਨੰਗਾ ਭੀ ਹੋ ਜਾਵੇ। ਗੁਰੂ ਮੱਤ ਅਨੁਸਾਰ ਉਹ ਸੋਭਾ ਪਾਉਂਦਾ ਹੈ।

**ਨਗਨ ਫਿਰਤ ਰੰਗਿ ਏਕ ਕੈ ਓਹ ਸੋਭਾ ਪਾਏ।**

(ਪੰਨਾ ੭੪੫)

**ਕੇਸਾਂ ਦਾ ਕਰਿ ਚਵਰੁ ਢੁਲਾਵਾਂ, ਚਰਣ ਧੂੜਿ ਮੁਖਿ ਲਾਈ।**

(ਪੰਨਾ -੭੪੯)

ਸ੍ਰੀ ਗੁਰੂ ਰਾਮਦਾਸ ਜੀ ਇਸ ਮਸਤ ਦਸ਼ਾ ਨੂੰ ਉਸਦੇ ਕਾਰਨ ਸਮੇਤ ਦਰਸ਼ਾਂਦੇ ਹੋਏ ਕਹਿੰਦੇ ਹਨ:- (ਬਿਲਾਵਲ ਮਹਲਾ ੪)

**ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰਬਚਨ ਮਨ ਤੀਰ ਲਗਈਆ।**
**ਮਨ ਕੀ ਬਿਰਥਾਂ ਮਨਿ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ।**
**ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ।**
**ਹਉ ਆਕਲ ਬਿਕਲ ਭਈ ਦੇਖੇ ਲੋਟ ਪੋਟ ਹੋਇ ਪਈਆ।**

(ਪੰਨਾ - ੮੩੫-੩੬)

ਇਨ੍ਹਾਂ ਵਾਕਾਂ ਵਿਚ ਲੋਟ ਪੋਟ ਹੋਣ ਦੇ ਦੋ ਕਾਰਨ ਦੱਸੇ ਗਏ ਹਨ। :-
(੧) ਗੁਰੂ ਜੀ ਦਾ ਮੋਹਨੀ ਦਰਸ਼ਨ (੨) ਗੁਰੂ ਬਚਨ ਰੂਪੀ ਤੀਰ।

ਜਿਸ ਵੇਲੇ ਕਿਸੇ ਪੰਛੀ ਨੂੰ ਤੀਰ ਵੱਜ ਜਾਏ ਤਾਂ ਉਹ ਪੁੱਠਾ ਸਿੱਧਾ ਹੋ ਕੇ ਧਰਤੀ ਤੇ ਡਿੱਗ ਪੈਂਦਾ ਹੈ।ਏਹੀ ਹਾਲਤ ਉਸ ਜਗਿਆਸੂ ਦੀ ਹੈ ਜੋ ਗੁਰੂ ਜੀ ਦੇ ਉਪਦੇਸ਼ ਰੂਪੀ ਬਾਣ ਨਾਲ ਲੋਟ ਪੋਟ ਹੋ ਕੇ ਦੜ ਡਿੱਗਦਾ ਹੈ। ਉਸ ਸਮੇਂ ਉਸਦੇ ਹਿਰਦੇ ਵਿਚੋਂ ਦੁਨਯਵੀਂ ਸੁੱਧ-ਬੁੱਧ ਨਿਕਲ ਜਾਂਦੀ ਹੈ।

**ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨ ਮਾਰਿਆ।**
**ਮੇਰੈ ਹਿਰਦੇ ਸੁਧਿ ਬੁਧਿ ਵਿਸਾਰਿ ਗਈ ਮਨ ਆਸਾ ਚਿੰਤ ਵਿਸਾਰਿਆ।**
**ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ।**

(ਸੂਹੀ ਮਹਲਾ ੪, ਪੰਨਾ-੭੭੬)

ਭਗਤ ਕਬੀਰ ਜੀ ਨੇ ਇਸ ਬਾਣ ਦੇ ਅਸਰ ਦਾ ਜ਼ਿਕਰ ਇਉਂ ਕੀਤਾ ਹੈ:-

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ।**
**ਲਾਗਤਿ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ।**

(ਪੰਨਾ -੧੩੭੪)

ਹੁਣ ਵਿਚਾਰਯੋਗ ਗਲ ਇਹ ਹੈ ਕਿ ਜਿਹੜਾ ਜਗਿਆਸੂ ਗੁਰੂ ਜੀ ਦੇ ਮੋਹਨੀ ਦਰਸ਼ਨ ਅਤੇ ਸਬਦ ਬਾਣ ਦਾ ਨਿਸ਼ਾਨਾ ਹੋ ਕੇ ਬਾਣ ਖਾਧੇ ਮ੍ਰਿਗ ਵਾਂਗ ਤੜਫ਼ ਕੇ ਡਿੱਗਦਾ ਹੈ, ਉਸ ਨੂੰ ਸਿਰ ਦੀ ਦਸਤਾਰ ਦੀ ਸੁੱਧ ਕਿਵੇਂ ਰਹਿ ਸਕਦੀ ਹੈ। ਪੱਗ ਤਾਂ ਰਹੀ ਕਿਤੇ ਉਹ ਸਿਰ ਪੈਰਾਂ ਵਿਚ ਤਮੀਜ਼ ਦੀ

ਸੁਰਤ ਵੀ ਖੋ ਬੈਠਦਾ ਹੈ। ਦੀਵਾਨ ਨੰਦ ਲਾਲ ਜੀ ਆਪਣੇ ਪਿਤਾ ਸ੍ਰੀ ਕਲਗੀਧਰ ਜੀ ਦੇ ਪ੍ਰੇਮ ਦਾ ਨਿਸ਼ਾਨਾ ਬਣ ਕੇ ਹੋਸ਼ ਔਣ ਪੁਰ ਕਹਿੰਦੇ ਹਨ:-

**ਸਰ ਪਾ ਸ਼ੁਦੋ ਸਰ ਸ਼ੁਧ ਕਰ ਦਰ ਰਾਹਿ ਮੁਹਬੱਤ।**
**ਗੋਯਮ ਵਲੇਕਿਨ ਸਰੋ ਪਾ ਨ ਸ਼ਨਾਸੇਮ।**

(ਦੀਵਾਨਿ ਗੋਇਆ)

ਹੇ ਪ੍ਰੀਤਮ ! ਤੇਰੇ ਪ੍ਰੇਮ ਮਾਰਗ ਉੱਤੇ ਚਲੱਣ ਦਾ ਅਸਰ ਇਹ ਹੋਇਆ ਕਿ ਸਿਰ ਪੈਰ ਹੋ ਗਏ, ਤੇ ਪੈਰ ਸਿਰ। ਇਹ ਵੀ ਕੇਵਲ ਕਹਿਣ ਮਾਤ੍ਰ ਹੀ ਹੈ, ਅਸਲ ਵਿਚ ਸਿਰ ਤੇ ਪੈਰਾਂ ਦੇ ਫ਼ਰਕ ਤਕ ਦੀ ਪਛਾਣ ਹੀ ਨਹੀਂ ਰਹਿ ਗਈ।

**ਕੇਸਾਂ ਦਾ ਚੰਵਰ**

ਸ੍ਰੀ ਗ੍ਰੰਥ ਸਾਹਿਬ ਵਿਚ ਬਹੁਤ ਸਾਰੇ ਵਾਕ ਅਜਿਹੇ ਮਿਲਦੇ ਹਨ ਜਿਨਾਂ ਦੁਆਰਾ ਸਤਿਗੁਰਾਂ ਦੇ ਚਰਨਾਂ ਤੇ ਕੇਸਾਂ ਦਾ ਚੰਵਰ ਢਾਲਣ ਦੀ ਪ੍ਰੇਰਣਾ ਮਿਲਦੀ ਹੈ:-

**(ੳ)** **ਕੇਸਾਂ ਦਾ ਕਰ ਚਵਰ ਢੁਲਾਵਾਂ ਚਰਨ ਧੂੜਿ ਮੁਖ ਲਾਈ।**

(ਸੂਹੀ ਮਹਲਾ ੫)

**(ਅ)** **ਕੇਸਾਂ ਕਰ ਬੀਜਨਾਂ ਸੰਤ ਚਵਰ ਢੁਲਾਵਉ।**

(ਸੂਹੀ ਮਹਲਾ ੫)

**(ੲ)** **ਛੋਡ ਜਾਇ ਤਊ ਛੂਟੈ ਨਾਹੀ। ਜਉ ਸਿੰਚੈ ਤਉ ਤਉ ਮਨਮਾਹੀ।**
**ਇਸਹੀ ਮਹਿ ਜਿਸਕੀ ਪਤ ਰਾਖੈ ਤਿਸੁ ਸਾਧੂ ਚਉਰ ਢਾਲੀਐ।**

(ਮਾਰੀ ਮਹਲਾ ੫)

ਹੁਣ ਪ੍ਰਸ਼ਨ ਉਠਦਾ ਹੈ ਕਿ -ਕੇਸਾਂ ਦਾ ਚੌਰ ਕਿਵੇਂ ਢਲਦਾ ਹੈ ? ਆਮ ਦੇਖਣ ਵਿਚ ਤਾਂ ਏਹੀ ਆਉਂਦਾ ਹੈ ਕਿ ਲੋਕ ਆਪਣੇ ਆਪਣੇ ਇਸ਼ਟ ਦੇਵ ਤੇ ਚੌਰ ਤਾਂ ਢਾਲਦੇ ਹਨ, ਪਰ ਹੋਰ ਜਾਨਵਰਾਂ ਦੀਆਂ ਪੂੰਛਾਂ ਦਾ ਯਾ ਮੋਰ ਦੇ ਖੰਭਾਂ ਦਾ, ਪਰ ਆਪਣੇ ਸਿਰ ਦੇ ਕੇਸਾਂ ਦਾ ਚੰਵਰ ਬਿਨਾ ਮਸਤਾਨਿਆਂ ਤੋਂ ਕੋਈ ਵੀ ਨਹੀਂ ਝੁਲੌਂਦਾ।

. Sri Satguru Jagjit Singh Ji eLibrary NamdhariElibrary@gmail.com .